*ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਮੀਡੀਆ: ਅੰਤਰ ਸੰਵਾਦ*

*6-7, ਜਨਵਰੀ 2011, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ.*

# ਮੀਡੀਆ ਦਾ ਪਸਾਰ ਅਤੇ ਸਭਿਆਚਾਰਕ ਪਛਾਣ ਦੇ ਮਸਲੇ

***ਡਾ. ਰਵਿੰਦਰ ਸਿੰਘ****

ਮਨੁੱਖ ਦਾ ਜੀਵਨ ਭਾਸ਼ਾ, ਸਮਾਜ ਤੇ ਸਭਿਆਚਾਰ ਵਰਗੇ ਬੁਨਿਆਦੀ ਤੱਤਾਂ ਰਾਹੀਂ ਆਕਾਰ ਲੈਂਦਾ ਹੈ ਤੇ ਬਦਲਦਾ ਵੀ ਰਹਿੰਦਾ ਹੈ। ਮਨੁੱਖ ਨੂੰ ਉਸਦੀ ਪਛਾਣ ਦੇਣ ਵਾਲੇ ਇਹ ਤੱਤ ਭਾਵੇਂ ਨਿਰੰਤਰ ਬਦਲਦੇ ਰਹਿੰਦੇ ਹਨ ਪਰ ਕਿਸੇ ਸਮੇਂ-ਸਥਾਨ ਵਿਚ ਕੁਝ ਖਾਸ ਸਮੂਹਿਕ ਤੱਤ, ਵੱਖਰੀ ਪਛਾਣ ਨੂੰ ਨਿਰਧਾਰਿਤ ਕਰ ਦਿੰਦੇ ਹਨ ਜਿਸਦੇ ਉੱਪਰ ਹੀ ਬਾਹਰੀ ਪ੍ਰਭਾਵ ਬਦਲਾਵ ਲਿਆਉਂਦੇ ਹਨ। ਇਹ ਸਾਰਾ ਕੁਝ ਬਨਿਆਦੀ ਤੌਰ ਤੇ ਸੰਚਾਰ-ਮਾਧਿਅਮਾਂ ਰਾਹੀਂ ਵਾਪਰਦਾ ਹੈ। ਇਹੋ ਤੱਤ ਜੀਵਨ ਵਿਚ ਬਦਲਾਵ ਨੂੰ ਸੰਭਵ ਬਣਾਉਂਦੇ ਹਨ ਅਤੇ ਸੰਚਾਰਿਤ ਵੀ ਕਰਦੇ ਹਨ। ਭਾਸ਼ਾ, ਸਮਾਜ ਤੇ ਸਭਿਆਚਾਰ ਰਾਹੀਂ ਅਸੀਂ ਜੀਵਨ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਵਿਚਕਾਰ ਸਮਨਵੈ ਵੀ ਪੈਦਾ ਕਰਦੇ ਰਹਿੰਦੇ ਹਾਂ। ਖ਼ਾਸ ਤੌਰ ਤੇ ਭਾਸ਼ਾ ਸਭ ਤੋਂ ਮੁੱਢਲੇ ਸੰਚਾਰ ਮਾਧਿਅਮਾਂ ਦਾ ਰੂਪ ਹੈ ਜਿਸਨੇ ਸੰਚਾਰ ਦੀਆਂ ਨਿੱਤ ਨਵੀਆਂ ਜ਼ਰੂਰਤਾਂ ਦੇ ਨਾਲ ਨਿਰੰਤਰ ਆਪਣਾ ਵਿਕਾਸ ਅਤੇ ਵਿਸਤਾਰ ਕੀਤਾ ਹੈ। ਸਭਿਆਚਾਰ ਦੀ ਬਣਤਰ ਵੀ ਅਜਿਹੀ ਹੀ ਹੁੰਦੀ ਹੈ ਜੋ ਮਾਨਵੀ ਮੁੱਲਾਂ ਦੀ ਵਿਰਾਸਤ ਨੂੰ ਇਕ ਕਾਲ ਖੰਡ ਤੋਂ ਪਾਰ ਤੱਕ ਸੰਚਾਰਿਤ ਕਰਨ ਵਿਚ ਮਦਦ ਕਰਦੀ ਹੈ। ਇਹ ਲੋਕ ਪੱਧਰ ‘ਤੇ ਕਾਰਜਸ਼ੀਲ ਬਹੁਤ ਹੀ ਸ਼ਕਤੀਸ਼ਾਲੀ ਸੰਚਾਰ ਮਾਧਿਅਮ ਹੈ ਜੋ ਆਪਣੇ ਸਮਕਾਲ ਨਾਲ ਆਦਾਨ-ਪ੍ਰਦਾਨ ਕਰਦਿਆਂ ਹੋਇਆਂ, ਵਿਰਸੇ ਵਿਚ ਪਏ ਸਭਿਆਚਾਰਕ ਪਛਾਣ ਚਿਹਨਾਂ ਨੂੰ ਅੱਗੇ ਤੋਰਦਾ ਹੈ। ਅਜੋਕੇ ਕਾਲ ਖੰਡ ਵਿਚ ਪੰਜਾਬੀ ਮਨੁੱਖ ਦੀ ਜੋ ਪਛਾਣ ਸਾਨੂੰ ਨਜ਼ਰ ਆਉਂਦੀ ਹੈ ਉਹ ਸਾਡੇ ਵਿਰਸੇ ਵਿਚੋਂ ਸਭਿਆਚਾਰ ਦੇ ਕਾਰਜਸ਼ੀਲ ਅਮਲਾਂ ਦੇ ਮਾਧਿਅਮ ਰਾਹੀਂ ਸਾਡੇ ਤੱਕ ਪਹੁੰਚੀ ਹੈ। ਇਸਨੇ ਵੀ ਭਾਸ਼ਾ ਵਾਂਗ ਨਿਰੰਤਰ ਨਵੀਆਂ ਤਬਦੀਲੀਆਂ ਨੂੰ ਆਪਣੇ ਅਨੁਭਵ ਵਿਚ ਢਾਲਿਆ ਹੈ ਤੇ ਲੋੜੀਂਦਾ ਪ੍ਰਤੀ-ਉੱਤਰ ਵੀ ਦਿੱਤਾ ਹੈ। ਭਾਸ਼ਾ ਜਿਸ ਤਰ੍ਹਾਂ ਬਦਲਦੇ ਦੌਰ ਵਿਚ ਪੈਦਾ ਹੋਣ ਵਾਲੇ ਵੱਖ-ਵੱਖ ਤਣਾਵਾਂ ਨਾਲ ਨਜਿੱਠਦਿਆਂ ਆਪਣਾ ਰਾਹ ਬਣਾ ਲੈਂਦੀ ਹੈ ਉਸੇ ਤਰ੍ਹਾਂ ਸਭਿਆਚਾਰਕ ਅਮਲ ਵੀ ਆਪਣੇ ਵੇਲੇ ਦੇ ਹਰ ਚੰਗੇ ਮਾੜੇ ਪ੍ਰਭਾਵ ਨਾਲ ਸੰਵਾਦ ਰਚਾਉਂਦਾ ਆਪਣੀ ਪਛਾਣ ਰੱਖਦਾ ਤੇ ਬਣਾਉਂਦਾ ਰਹਿੰਦਾ ਹੈ।

ਕਿਸੇ ਵੇਲੇ ਮਨੁੱਖ ਸਿਰਫ ਆਪਣੀ ਭਾਸ਼ਾ ਅਤੇ ਆਪਣੇ ਸਭਿਆਚਾਰ ਦੀ ਪਛਾਣ ਨਾਲ ਜਾਣਿਆ ਜਾਂਦਾ ਸੀ, ਜਿਸ ਵਿਚ ਉਹ ਭਾਈਚਾਰਕ ਸੁਕੂਨ ਵੀ ਮਹਿਸੂਸ ਕਰਦਾ ਸੀ। ਪਰ ਅੱਜ ਦੇ ਤੇਜ਼ ਰਫਤਾਰ ਦੌਰ ਵਿਚ ਲੋਕ-

** ਐਸੋਸੀਏਟ ਪ੍ਰੋਫੈਸਰ, ਦਿਆਲ ਸਿੰਘ ਕਾਲਜ, ਦਿੱਲੀ ਯੂਨਿਵਰਸਿਟੀ, ਦਿੱਲੀ ।*

ਸਭਿਆਚਾਰ ਸ਼ਬਦ ਕਿਸੇ ਪੁਰਾਤੱਤ ਜਾਂ ਆਰਕਿਓਲੋਜੀ ਦੇ ਸ਼ਬਦਕੋਸ਼ ਤਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਸਭਿਆਚਾਰ ਅਤੇ ਕਲਚਰ ਸਮਾਨ-ਅਰਥਕ ਸ਼ਬਦ ਹਨ ਅਤੇ ਕਿਸੇ ਵੇਲੇ ਇਨ੍ਹਾਂ ਦੀ ਇਕੋ ਭਾਵ ਦੇ ਪ੍ਰਗਟਾਵੇ ਲਈ ਵਰਤੋਂ ਸ਼ੁਰੂ ਹੋਈ ਸੀ ਪਰ ਹੁਣ ਹਾਲਾਤ ਇਹ ਹੋ ਗਏ ਹਨ ਕਿ ਪੂਰਬੀ ਅਤੇ ਪੱਛਮੀ ਸੰਦਰਭ ਵਿੱਚ ਇਨ੍ਹਾਂ ਦੀਆਂ ਅਰਥ-ਧੁਨੀਆਂ ਬਦਲ ਗਈਆਂ ਹਨ। ਸਭਿਆਚਾਰ ਸ਼ਬਦ ਦਾ ਅਰਥ ਹੁਣ ਕਲਚਰ ਸ਼ਬਦ ਦੇ ਅਰਥ ਵਿਚ ਗੁੰਮ ਗਿਆ ਹੈ। ਇਸੇ ਸ਼ਬਦ ਦੀ ਤਰ੍ਹਾਂ ਭਾਰਤੀ ਜਾਂ ਪੂਰਬੀ ਸਭਿਆਚਾਰ ਦੀ ਪਛਾਣ ਹੁਣ ਪੱਛਮੀ ਕਲਚਰ ਦੇ ਪ੍ਰਭਾਵ ਹੇਠ ਧੁੰਦਲੀ ਪੈਂਦੀ ਜਾ ਰਹੀ ਹੈ। ਇਥੇ ਪੱਛਮੀ ਸਭਿਆਚਾਰ ਤੋਂ ਭਾਵ ਨਵੇਂ ਪੂੰਜੀਵਾਦੀ ਤੇ ਖਪਤਕਾਰੀ ਸਭਿਆਚਾਰ ਤੋਂ ਹੈ। ਸਦੀਆਂ ਤੋਂ ਵੱਖ ਵੱਖ ਸਭਿਆਚਾਰਾਂ ਦੇ ਪ੍ਰਭਾਵਾਂ ਨੂੰ ਕਬੂਲਦਾ ਭਾਰਤੀ ਉੱਪ-ਮਹਾਂਦੀਪ ਦਾ ਖਿੱਤਾ ਹੁਣ ਵੀ ਇਸੇ ਅਮਲ ਵਿਚੋਂ ਗੁਜ਼ਰ ਰਿਹਾ ਹੈ। ਫ਼ਰਕ ਸਿਰਫ ਇਹ ਹੈ ਕਿ ਪਹਿਲਾਂ ਬਦਲਾਵ ਜਾਂ ਪ੍ਰਭਾਵ ਬਹੁਤ ਹੌਲੀ ਰਫ਼ਤਾਰ ਨਾਲ ਵਾਪਰਦੇ ਰਹੇ ਤੇ ਹੁਣ ਇਹ ਰਫ਼ਤਾਰ ਬਹੁਤ ਤੇਜ਼ ਹੋ ਗਈ ਹੈ। ਪ੍ਰਚਲਿੱਤ ਸਭਿਆਚਾਰ ਜਾਂ ਪਾਪੂਲਰ ਕਲਚਰ (pop-culture) ਦੇ ਦੌਰ ਵਿਚੋਂ ਗੁਜ਼ਰਦਿਆਂ ਮਨੁੱਖ ਹੁਣ ਵਿਆਪਕ ਸਭਿਆਚਾਰ ਜਾਂ ਮਾਸ ਕਲਚਰ (mass culture) ਦੇ ਯੁੱਗ ਵਿਚ ਪ੍ਰਵੇਸ਼ ਕਰ ਰਿਹਾ ਹੈ, ਜਿਸਨੂੰ ਬਨਾਉਣ ਅਤੇ ਬਦਲਣ ਵਿਚ ਸਭ ਤੋਂ ਵੱਡਾ ਮਾਧਿਅਮ ਮੀਡੀਆ ਹੈ। ਲੋਕ-ਸਭਿਆਚਾਰ, ਪ੍ਰਚਲਿੱਤ ਸਭਿਆਚਾਰ ਅਤੇ ਵਿਆਪਕ ਸਭਿਆਚਾਰ ਭਾਵੇਂ ਇਕੋ ਜਿਹੇ ਅਰਥ ਦੇ ਰਹੇ ਹੋਣ ਪਰ ਪੱਛਮੀ ਗਿਆਨ ਚਿੰਤਨ ਮੁਤਾਬਕ ਇਸਦੀ ਪਰਿਭਾਸ਼ਾ folk culture, pop culture ਤੇ mass culture ਸ਼ਬਦਾਂ ਰਾਹੀਂ ਵਧੇਰੇ ਬਦਲੀ ਹੋਈ ਮਹਿਸੂਸ ਹੁੰਦੀ ਹੈ। ਫ਼ਰਕ ਤਾਂ ਕਿਸੇ ਸਭਿਆਚਾਰਕ ਪ੍ਰਬੰਧ ਦੇ ਦਾਇਰੇ ਦੇ ਆਕਾਰ ਦਾ ਹੈ। ਜਿਵੇਂ ਕਿ ਪੰਜਾਬੀ ਲੋਕ-ਸਭਿਆਚਾਰ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਦੇ ਭਾਸ਼ਾਈ ਸਮੂਹ ਨਾਲ ਸੰਬੰਧਤ ਰਿਹਾ ਸੀ ਤੇ ਮਗਰੋਂ ਸਮੇਂ ਦੇ ਨਾਲ ਨਾਲ ਇਸਨੇ ਭੂਗੋਲਿਕ ਹੱਦਾਂ ਨੂੰ ਪਾਰ ਕਰਕੇ ਹੋਰਨਾਂ ਸਭਿਆਚਾਰਾਂ ਨਾਲ ਆਦਾਨ-ਪ੍ਰਦਾਨ ਵਿਚ ਆਪਣੀ ਪਛਾਣ ਨੂੰ ਨਵਾਂ ਰੂਪ ਦਿੱਤਾ। ਜਦੋਂ ਇਹ ਦਾਇਰਾ ਹੋਰ ਵਿਆਪਕ ਹੋ ਗਿਆ ਕਿ ਭੂਗੋਲਿਕ ਹੱਦਾਂ ਤੋਂ ਇਲਾਵਾ ਭਾਸ਼ਾਈ ਹੱਦਾਂ ਵੀ ਪਾਰ ਹੋ ਗਈਆਂ ਤਾਂ ਇਸਦਾ ਟਾਕਰਾ ਵੱਡੀ ਪੱਧਰ 'ਤੇ ਚਲ ਰਹੇ ਸਭਿਆਚਾਰੀਕਰਣ ਦੇ ਨਵੇਂ ਅਮਲਾਂ ਨਾਲ ਹੋਇਆ ਜਿਸਦਾ ਨਿਯੰਤਰਣ ਨਵ-ਪੂੰਜੀਵਾਦੀ ਪੱਛਮੀ ਸਮਾਜ ਕੋਲ ਹੈ ਤੇ ਉਸਦੇ ਪਸਾਰ ਦਾ ਮਾਧਿਅਮ ਅਤਿ-ਆਧੁਨਿਕ ਮੀਡੀਆ ਹੈ। ਅਤਿ-ਆਧੁਨਿਕ ਸੰਚਾਰ ਮਾਧਿਅਮਾਂ ਦੇ ਪਸਾਰ ਕਾਰਣ ਸਭਿਆਚਾਰ ਉੱਪਰ ਪੈਣ ਵਾਲੇ ਪ੍ਰਭਾਵਾਂ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਇਹ ਸਥਿਤੀ ਸਿਰਫ ਪੰਜਾਬੀ ਸਭਿਆਚਾਰ ਲਈ ਹੀ ਨਹੀਂ ਬਣੀ ਹੈ ਸਗੋਂ ਸਾਰੇ ਸਭਿਆਚਾਰਾਂ ਲਈ ਵੀ ਇਕੋ ਜਿਹੀ ਹੈ। ਭਾਰਤ ਵਿਚ

ਮੌਜੂਦ ਸੈਂਕੜੇ ਛੋਟੇ-ਵੱਡੇ ਸਭਿਆਚਾਰ ਅਜਿਹੇ ਹਨ ਜੋ ਪਹਿਲਾਂ ਇਕ ਦੂਜੇ ਤੋਂ ਬਹੁਤ ਜ਼ਿਆਦਾ ਵੱਖਰਤਾਵਾਂ ਰੱਖਦੇ ਸਨ ਪਰ ਹੁਣ ਜੋ ਦੌਰ ਚਲ ਰਿਹਾ ਹੈ ਉਹ ਵੱਡੇ ਪੈਮਾਨੇ ਉੱਤੇ ਬਿਲਕੁਲ ਨਵੇਂ ਕਿਸਮ ਦੇ ਪ੍ਰਭਾਵ ਦੇ ਰਿਹਾ ਹੈ ਜੋ ਸਾਡੀਆਂ ਪਰੰਪਰਕ ਸਭਿਆਚਾਰਕ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਤੋੜੇ ਬਿਨਾਂ ਨਿਰੋਲ ਖਪਤਕਾਰੀ ਸਭਿਆਚਾਰ ਵੱਲ ਲਿਜਾ ਰਿਹਾ ਹੈ। ਇਸ ਕਰਕੇ ਇਸ ਨਾਲ ਸੰਬੰਧਤ ਸਰੋਕਾਰਾਂ ਦਾ ਅਧਿਐਨ ਵਿਆਪਕ ਚਰਚਾ ਦੀ ਮੰਗ ਕਰਦਾ ਹੈ।

ਅਜੋਕੇ ਸਮੇਂ ਵਿਚ ਚਲ ਰਹੇ ਵੱਡੇ ਆਲਮੀ ਵਰਤਾਰਿਆਂ ਨੇ ਸਾਡੇ ਆਲੇ-ਦੁਆਲੇ ਨੂੰ ਬਹੁਤ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਮੀਡੀਆ ਅਤੇ ਅਜੋਕਾ ਮਾਨਵੀ ਜੀਵਨ ਵਿਹਾਰ ਬਹੁਤ ਹੀ ਇਕਮਿਕਤਾ ਨਾਲ ਅਤੇ ਇਕਸੁਰਤਾ ਨਾਲ ਆਪੋ ਵਿਚ ਰਲਗੱਡ ਹੋ ਚੁਕੇ ਦਿੱਸਦੇ ਹਨ। ਇਨ੍ਹਾਂ ਦਾ ਇਹ ਅਨਿੱਖੜਵਾਂ ਅਮਲ ਵਰਤਮਾਨ ਮਨੁੱਖ ਦੀ ਪਛਾਣ ਬਨਾਉਣ ਵਿਚ ਕਿਰਿਆਸ਼ੀਲ ਹੈ। ਮੀਡੀਆ ਉੱਪਰ ਨਿਰਭਰਤਾ ਇੰਨੀ ਵੱਧ ਚੁੱਕੀ ਹੈ ਕਿ ਇਸ ਤੋਂ ਬਗ਼ੈਰ ਅਸੀਂ ਜੀਵਨ ਦਾ ਕਿਆਸ ਨਹੀਂ ਕਰ ਸਕਦੇ। ਇਹ ਸਥਿਤੀ ਕਿਵੇਂ, ਕਿਉਂ ਅਤੇ ਕਦੋਂ ਬਣੀ ਤੇ ਇਸ ਲਈ ਕਿਹੜੀਆਂ ਧਿਰਾਂ ਨੂੰ ਫਾਇਦਾ ਹੋ ਰਿਹਾ ਹੈ ਤੇ ਕਿਸਦਾ ਨੁਕਸਾਨ ਹੋ ਰਿਹਾ ਹੈ? ਇਸ ਗੱਲ ਦਾ ਨਿਤਾਰਾ ਕਰਨਾ ਬਹੁਤ ਪੇਚੀਦਾ ਕਾਰਜ ਹੈ। ਇਸ ਵਿਚ ਸਮਾਜ ਵਿਗਿਆਨ, ਸਭਿਆਚਾਰ ਵਿਗਿਆਨ ਤੋਂ ਇਲਾਵਾ ਬਹੁਤ ਸਾਰੇ ਅੰਤਰ-ਅਨੁਸ਼ਾਸਨੀ ਪੱਖ ਸ਼ਾਮਲ ਹਨ। ਵਰਤਮਾਨ ਮਸੇਂ ਦੇ ਅਤਿ-ਵਿਕਸਿਤ ਦੌਰ ਨੇ ਸਾਡੇ ਸਮਾਜ, ਸਭਿਆਚਾਰ ਅਤੇ ਮਨੁੱਖ ਦੀ ਪਛਾਣ ਬਾਰੇ ਨਵੇਂ ਮਸਲੇ ਪੈਦਾ ਕਰ ਦਿੱਤੇ ਹਨ। ਵਿਗਿਆਨ ਤੇ ਟੈਕਨੋਲੋਜੀ ਦੇ ਅਤੀ-ਵਿਕਾਸ ਤੇ ਅਤੀ-ਪਸਾਰ ਨੇ ਮਨੁੱਖੀ ਹੋਂਦ ਦੇ ਬੁਨਿਆਦੀ ਅਤੇ ਪਰੰਪਰਕ ਪਛਾਣ ਚਿਹਨਾਂ ਨੂੰ ਬੇਪਛਾਣ ਬਣਾ ਦਿੱਤਾ ਹੈ। ਜੀਵਨ ਦੇ ਮੂਲ ਸਰੋਕਾਰਾਂ ਨੂੰ ਅਤਿ-ਕਾਲਪਨਿਕ (ਹਾਈਪਰ ਰੀਅਲ) ਕਿਸਮ ਦੇ ਪਦਾਰਥਵਾਦੀ ਜਗਤ ਹੇਠ ਦਬਾ ਦਿੱਤਾ ਗਿਆ ਹੈ। ਨਵੀਂ ਟੈਕਨੋਲੋਜੀ ਦੀ ਬਦੌਲਤ ਨਿੱਤ ਨਵੀਆਂ ਇਲੈਕਟ੍ਰੋਨਿਕ ਵਸਤਾਂ ਨੇ ਰੋਜ਼ਮੱਰਾ ਦੇ ਜੀਵਨ ਨੂੰ ਕੰਟਰੋਲ ਕਰਨਾ ਸ਼ੁਰੂ ਕਰ ਦਿੱਤਾ ਹੈ। ਆਪਣੀਆਂ ਜ਼ਰੂਰਤਾਂ ਅਤੇ ਉਹਨਾਂ ਦੀ ਪੂਰਤੀ ਦੇ ਸਾਧਨਾਂ ਬਾਰੇ ਫੈਸਲਾ ਕਰਨਾ ਵੀ ਸਾਡੀ ਬੁੱਧੀ ਅਤੇ ਬਿਬੇਕ ਦੇ ਕਾਬੂ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਇਸ ਸੰਦਰਭ ਵਿਚ ਸਭ ਤੋਂ ਅਹਿਮ ਸੁਆਲ ਇਹੋ ਉੱਠਦਾ ਹੈ ਕਿ ਇਹ ਸਭ ਕਦੋਂ ਵਾਪਰਨਾ ਸ਼ੁਰੂ ਹੋਇਆ ਅਤੇ ਇਸ ਲਈ ਕਿਹੜੀਆਂ ਸ਼ਕਤੀਆਂ ਜ਼ਿੰਮੇਵਾਰ ਹਨ?

ਅਜੋਕੇ ਦੌਰ ਨੇ ਸੂਚਨਾਵਾਂ ਦੇ ਆਦਾਨ-ਪ੍ਰਦਾਨ ਵਿਚ ਕ੍ਰਾਂਤੀਕਾਰੀ ਤੇਜ਼ੀ ਵੇਖੀ ਹੈ। ਭਾਵੇਂ ਕਿ ਇਸ ਤੋਂ ਪਹਿਲਾਂ ਵੀ ਸੂਚਨਾਵਾਂ ਦੇ ਆਦਾਨ ਪ੍ਰਦਾਨ ਦੀ ਅਹਿਮੀਅਤ ਰਹੀ ਹੈ ਪਰ ਅਜੋਕੇ ਸਮੇਂ ਵਿਚ ਜਿਸ ਤੇਜ਼ੀ ਨਾਲ ਇਸਦਾ

ਪਸਾਰ ਹੋਇਆ ਹੈ ਉਸਨੇ ਸਮਾਜ ਦੇ ਹਰ ਖੇਤਰ ਨੂੰ ਪ੍ਰਭਾਵਤ ਕੀਤਾ ਹੈ। ਇਲੈਕਟ੍ਰੋਨਿਕ ਮੀਡੀਏ ਨੇ ਤਾਂ ਬਹੁਤ ਪਹਿਲਾਂ ਹੀ ਆਪਣੀ ਪਕੜ ਬਣਾ ਲਈ ਸੀ ਤੇ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਨਾ ਵੀ ਸ਼ੁਰੂ ਕਰ ਦਿੱਤਾ ਸੀ ਪਰ ਜਿਸ ਤੇਜ਼ ਰਫ਼ਤਾਰ ਨਾਲ ਨਵੇਂ ਮੀਡੀਆ ਤੰਤਰਾਂ ਨੇ ਵਿਸ਼ਵੀਕਰਣ ਦਾ ਔਜਾਰ ਬਣਕੇ ਸਾਡੇ ਰੋਜ਼ਮੱਰਾ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ ਇੰਨਾਂ ਕਿਸੇ ਹੋਰ ਸਾਧਨ ਨਾਲ ਨਹੀਂ ਹੋਇਆ ਸੀ। ਇਸਨੇ ਸਾਡੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਵੀ ਆਪਣੇ ਪ੍ਰਭਾਵ ਹੇਠ ਲਿਆ ਹੈ। ਜੇਕਰ ਅਸੀਂ ਅੱਜ ਦੇ ਸਮਾਜ-ਸਭਿਆਚਾਰ ਦੀ ਪੜਤਾਲ ਕਰਦੇ ਹਾਂ ਤਾਂ ਇਸ ਲਈ ਮੀਡੀਆ ਹੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਜ਼ਰੀਆ ਬਣਕੇ ਸਾਹਮਣੇ ਆਉਂਦਾ ਹੈ ਜਿਸਨੇ ਸਾਡੀਆਂ ਕਦਰਾਂ-ਕੀਮਤਾਂ, ਸੋਚ-ਵਿਚਾਰ ਦੇ ਢੰਗ ਤਰੀਕਿਆਂ ਤੇ ਜੀਵਨ ਦੇ ਦ੍ਰਿਸ਼ਟੀਕੋਣ ਨੂੰ ਨਵੀਆਂ ਚੁਣੌਤੀਆਂ ਸਾਹਵੇਂ ਰੱਖ ਦਿੱਤਾ ਹੈ। ਹੁਣ ਮੀਡੀਆ ਸਿਰਫ ਸੰਚਾਰ ਦਾ ਇੱਕ ਮਾਧਿਅਮ ਹੀ ਨਹੀਂ ਰਿਹਾ ਸਗੋਂ ਸੱਤਾ ਅਤੇ ਨਵ-ਪੂੰਜੀਵਾਦ ਦਾ ਇਕ ਬਹੁਤ ਤਾਕਤਵਰ ਹਥਿਆਰ ਬਣ ਗਿਆ ਹੈ। ਇਹ ਮਾਧਿਅਮ ਪੂੰਜੀਵਾਦ ਲਈ ਲੋੜੀਂਦੇ ਖਪਤਕਾਰੀ ਵਰਗ ਦੀਆਂ ਸਾਰੀਆਂ ਲੋੜਾਂ ਨੂੰ ਆਪਣੇ ਮੁਤਾਬਿਕ ਢਾਲ ਰਿਹਾ ਹੈ। ਪਹਿਲਾਂ ਜ਼ਰੂਰਤਾਂ ਪੈਦਾ ਕੀਤੀਆਂ ਜਾਂਦੀਆਂ ਹਨ ਤੇ ਫਿਰ ਉਸਦੀ ਪੂਰਤੀ ਕਰਨ ਵਾਲੀਆਂ ਵਸਤਾਂ ਦੇ ਇਸ਼ਤਿਹਾਰ ਦਿੱਤੇ ਜਾਂਦੇ ਹਨ। ਲੋਕਾਂ ਅੰਦਰ ਜੀਵਨ ਜੀਉਣ ਦੇ ਨਿੱਤ ਨਵੇਂ ਬਿੰਬ ਪ੍ਰਸਾਰਿਤ ਕੀਤੇ ਜਾ ਰਹੇ ਹਨ ਭਾਵੇਂ ਉਹ ਕਿਸੇ ਮਨੁੱਖੀ ਵਿਅਕਤੀਤੱਵ ਬਾਰੇ ਹੋਣ ਜਾਂ ਰਹਿਣੀ-ਬਹਿਣੀ ਬਾਰੇ ਹੋਣ। ਪਾਰ-ਰਾਸ਼ਟਰੀ ਨਵ-ਬਸਤੀਵਾਦੀ ਤਾਕਤਾਂ ਨੇ ਨਵੇਂ ਮੀਡੀਆ ਤੰਤਰਾਂ ਰਾਹੀਂ ਸਮਾਜ ਵਿਚ ਮੰਡੀਕਰਣ ਦੀ ਮਾਨਸਿਕਤਾ ਨੂੰ ਵਧੇਰੇ ਉਤਸ਼ਾਹਤ ਕੀਤਾ ਹੈ। ਲੋਕਾਂ ਨੂੰ ਉਪਭੋਗੀ ਮਾਨਸਿਕਤਾ ਵਿਚ ਫਸਾ ਕੇ ਰੋਜ਼ਾਨਾ ਉਸਦੇ ਸਾਹਮਣੇ ਨਵੇਂ ਤੋਂ ਨਵੇਂ ਬਿੰਬ ਪੇਸ਼ ਕੀਤੇ ਜਾ ਰਹੇ ਹਨ ਜੋ ਕਿ ਉਸਦੇ ਜੀਵਨ ਵਿਚ ਪ੍ਰੇਰਕ ਤੱਤ ਬਣ ਰਹੇ ਹਨ। ਅਜੋਕੇ ਸਮੇਂ ਵਿਚ ਲੋਕ ਜਿਨਾਂ ਬਿੰਬਾਂ ਨੂੰ ਗ੍ਰਹਿਣ ਕਰ ਰਹੇ ਹਨ ਉਨ੍ਹਾਂ ਦੇ ਬਦਲਣ ਦੀ ਰਫਤਾਰ ਵੀ ਬਹੁਤ ਤੇਜ਼ ਹੈ। ਸੰਚਾਰ ਮਾਧਿਅਮਾਂ ਦੇ ਪਸਾਰ ਨੇ ਇਸ ਦਿਸ਼ਾ ਵਿਚ ਬਹੁਤ ਮਜ਼ਬੂਤੀ ਅਤੇ ਤੇਜ਼ੀ ਲਿਆਂਦੀ ਹੈ। ਵਿਸ਼ਵੀਕਰਣ ਦੇ ਅਜੋਕੇ ਦੌਰ ਵਿਚ ਸੰਚਾਰ ਮਾਧਿਅਮਾਂ ਦਾ ਰੋਲ ਵੱਧਦਾ ਜਾ ਰਿਹਾ ਹੈ। ਇਸਦਾ ਦਖ਼ਲ ਹੁਣ ਸਾਡੀ ਜ਼ਿੰਦਗੀ ਵਿਚ ਅਮੋੜਵਾਂ ਅਮਲ ਜਾਪਦਾ ਹੈ। ਸੰਚਾਰ ਮਾਧਿਅਮਾਂ ਨੇ ਸਾਡੀ ਅਜੋਕੀ ਜੀਵਨ ਸ਼ੈਲੀ ਨੂੰ ਬਹੁਤ ਤਬਦੀਲ ਕਰ ਦਿੱਤਾ ਹੈ। ਬੇਸ਼ਕ ਇਸ ਤਬਦੀਲੀ ਨੇ ਸਾਡੀ ਜ਼ਿੰਦਗੀ ਨੂੰ ਸੁਖਾਲਾ ਵੀ ਬਣਾਇਆ ਹੈ ਤੇ ਕਈ ਸਮੱਸਿਆਵਾਂ ਨੂੰ ਦੂਰ ਵੀ ਕੀਤਾ ਹੈ ਪਰ ਫਿਰ ਵੀ ਇਸ ਅਮਲ ਵਿਚ ਕਈ ਅਜਿਹੇ ਅਹਿਮ ਮਸਲੇ ਵੀ ਪੈਦਾ ਹੋਏ ਹਨ ਜਿਨ੍ਹਾਂ ਬਾਰੇ ਸੰਜੀਦਗੀ ਨਾਲ ਵਿਚਾਰ ਕਰਨਾ ਜ਼ਰੂਰੀ ਜਾਪਦਾ ਹੈ।

ਪੰਜਾਬ ਅਤੇ ਪੰਜਾਬੀ ਲੋਕਾਂ ਦਾ ਕਿਰਦਾਰ ਹਮੇਸ਼ਾਂ ਤੋਂ ਹੀ ਹਰ ਤਬਦੀਲੀ ਨੂੰ ਬਹੁਤ ਜਲਦੀ ਅਤੇ ਸਹਿਜਤਾ ਨਾਲ ਗ੍ਰਹਿਣ ਕਰਦਾ ਰਹਿੰਦਾ ਹੈ। ਖਾਸਤੌਰ 'ਤੇ ਪੱਛਮ ਤੋਂ ਆਉਣ ਵਾਲੀਆਂ ਤਬਦੀਲੀਆਂ ਨੂੰ ਇਸਨੇ ਧਾਰਮਿਕ ਵਿਸ਼ਵਾਸ ਵਾਂਗ ਨਿਭਾਇਆ ਹੈ। ਭਾਵੇਂ ਇਸਦਾ ਅਸਰ ਭਾਸ਼ਾ ਉੱਪਰ ਹੋਵੇ, ਸਾਹਿਤ ਉੱਪਰ ਜਾਂ ਫਿਰ ਸਭਿਆਚਾਰ ਉੱਪਰ ਹਰ ਖੇਤਰ ਵਿਚ ਇਸਨੂੰ ਕਬੂਲ ਕਰਦਿਆਂ ਕੋਈ ਵਿਸ਼ੇਸ਼ ਮੁਖ਼ਾਲਫ਼ਤ ਨਹੀਂ ਕੀਤੀ ਜਾਂਦੀ। ਸਨ 1947 ਦੀ ਦੇਸ਼ ਵੰਡ ਭਾਵ ਪੰਜਾਬ ਦੀ ਵੰਡ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਬਹੁਤ ਵੱਡੀ ਢਾਹ ਲਾਈ ਸੀ। ਸਾਂਝੇ ਪੰਜਾਬ ਦੇ ਵਿਚੋ-ਵਿਚ ਇਕ ਕੰਧ ਖੜੀ ਹੋ ਜਾਣ ਦਾ ਨਤੀਜਾ ਇਥੋਂ ਦੇ ਸਾਂਝੇ ਸਭਿਆਚਾਰ ਨੂੰ ਜੋੜਨ ਵਾਲੇ ਭਾਸ਼ਾ ਤੇ ਸਾਹਿਤ ਉੱਪਰ ਵੀ ਅਸਰ-ਅੰਦਾਜ਼ ਹੋਇਆ। ਕਰੀਬ ਪੰਜ ਦਹਾਕਿਆਂ ਤੱਕ ਇਹ ਦੋਵੇਂ ਖਿੱਤੇ ਅਜਨਬੀਆਂ ਵਾਂਗ ਇਕ ਦੂਜੇ ਵੱਲ ਵੇਖਦੇ ਰਹੇ ਸਨ। ਭਾਸ਼ਾ ਤੇ ਸਾਹਿਤ ਦੀ ਪੱਧਰ ਤੇ ਆਦਾਨ-ਪ੍ਰਦਾਨ ਬਹੁਤ ਸੀਮਤ ਸੀ। ਸਭਿਆਚਾਰਕ ਤਾਲਮੇਲ ਖ਼ਤਮ ਹੋਣ ਦੀ ਹੱਦ ਤਕ ਪਹੁੰਚ ਚੁੱਕਾ ਸੀ। ਭਾਸ਼ਾਵਾਂ ਵਿਚ ਆਉਣ ਵਾਲੀ ਤਬਦੀਲੀ ਦੀ ਦਿਸ਼ਾ ਵੀ ਵੱਖਰੀਆਂ ਦਿਸ਼ਾਵਾਂ ਵੱਲ ਹੋ ਤੁਰੀ ਸੀ। ਭਾਵੇਂ ਕਿ ਇਨ੍ਹਾਂ ਪੱਧਰਾਂ 'ਤੇ ਕਾਫੀ ਕੁਝ ਅਮੋੜਵਾਂ ਜਾਪਦਾ ਹੈ ਪਰ ਆਧੁਨਿਕ ਮੀਡੀਆ ਤਕਨੀਕਾਂ ਨੇ ਇਸ ਖੱਪੇ ਵੱਲ ਵਧੇਰੇ ਧਿਆਨ ਦੁਆਇਆ ਹੈ ਤੇ ਇਸਨੂੰ ਪੂਰਨ ਦੀ ਚੇਤਨਾ ਵੀ ਪੈਦਾ ਹੋ ਰਹੀ ਹੈ। ਇੰਟਰਨੈੱਟ ਉੱਪਰ ਮੌਜੂਦ ਅਨੁਵਾਦੀ ਸੌਫਟਵੇਅਰ ਪੰਜਾਬੀ ਭਾਸ਼ਾ ਦੀਆਂ ਲਿੱਪੀਆਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇ ਰਹੇ ਹਨ। ਇਸ ਵਾਸਤੇ ਸ਼ਾਹਮੁਖੀ ਤੋਂ ਗੁਰਮੁਖੀ ਤੇ ਗੁਰਮੁਖੀ ਤੋਂ ਸ਼ਾਹਮੁਖੀ ਵਿਚ ਲਿੱਪੀਅੰਤਰ ਦੇ ਸੌਫਟਵੇਅਰ ਵਿਕਸਤ ਕੀਤੇ ਜਾ ਰਹੇ ਹਨ। ਇਸ ਨਾਲ ਪਿਛਲੇ ਪੰਜਾਹ ਸਾਲਾਂ ਦੇ ਅਜਨਬੀ ਬਣ ਚੁੱਕੇ ਸਾਹਿਤ ਨੂੰ ਅਪਣਤ ਨਾਲ ਪੜ੍ਹਨ ਤੇ ਸਮਝਣ ਦਾ ਰਾਹ ਖੁਲ੍ਹ ਰਿਹਾ ਹੈ।

ਦੇਸ਼ ਵਿਦੇਸ਼ ਵਿਚ ਕਿਤੇ ਵੀ ਬੈਠੇ ਲੋਕ ਪੰਜਾਬ ਨਾਲ ਸੰਬੰਧਤ ਸਾਰੀਆਂ ਖ਼ਬਰਾਂ ਬਹੁਤ ਸਰਲਤਾ ਨਾਲ ਪੜ੍ਹ ਲੈਂਦੇ ਹਨ। ਬਹੁਤੀਆਂ ਵੈਬਸਾਈਟਾਂ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਹਨ। ਇਨ੍ਹਾਂ ਸਾਈਟਾਂ ਵਿਚ ਵਿਸ਼ੇਸ਼ ਤੌਰ 'ਤੇ ਸਿੱਖ ਧਰਮ ਅਤੇ ਇਤਿਹਾਸ ਨਾਲ ਸੰਬੰਧਤ ਬਹੁਤ ਸਾਰੀਆਂ ਵੈਬ-ਸਾਈਟਾਂ ਹਨ। ਇਨ੍ਹਾਂ ਉੱਪਰ ਸਿੱਖ ਗੁਰੂਆਂ ਦੇ ਜੀਵਨ ਅਤੇ ਦਰਸ਼ਨ ਬਾਰੇ ਹਰ ਜਾਣਕਾਰੀ ਮੌਜੂਦ ਹੈ। ਸ਼ਬਦ-ਕੀਰਤਨ ਸੁਣੇ ਜਾ ਸਕਦੇ ਹਨ। ਯੂ-ਟੀਊਬ ਵਰਗੀਆਂ ਸਟ੍ਰੀਮਿੰਗ ਵੀਡੀਓ ਸਾਈਟਾਂ ਵਿਚ ਵੀ ਸ਼ਬਦ ਕੀਰਤਨ ਮੌਜੂਦ ਹੈ। ਪਰ ਇਸਦੇ ਨਾਲ-ਨਾਲ ਲੋਕਗੀਤ ਅਤੇ ਲੋਕਸੰਗੀਤ ਵੀ ਪਿਆ ਹੋਇਆ ਹੈ। ਪੰਜਾਬੀ ਗੀਤਾਂ ਦੀ ਹਰ ਵਨੰਗੀ ਮੌਜੂਦ ਹੈ ਜਿਸ ਵਿਚ ਪੁਰਾਣੇ ਗਾਇਕਾਂ ਤੋਂ ਲੈਕੇ ਨਵਿਆਂ ਤੱਕ ਹਰ ਕੋਈ ਸ਼ਾਮਲ ਹੈ। ਗੀਤਾਂ ਦੀ ਪੱਧਰ ਸੁਹਜਾਤਮਿਕ ਵੀ ਹੈ ਤੇ ਲੱਚਰ ਵੀ ਹੈ। ਕਿਉਂਕਿ

ਇਹ ਇਕ ਅਜਿਹਾ ਸਾਧਨ ਹੈ ਜੋ ਕਿਸੇ ਵੀ ਨਿਯੰਤ੍ਰਣ ਤੋਂ ਮੁਕਤ ਹੈ ਇਸ ਲਈ ਇਸ ਨੂੰ ਕੋਈ ਵੀ ਆਪਣੇ ਕਿਸੇ ਵੀ ਤਰ੍ਹਾਂ ਦੇ ਹਿੱਤਾਂ ਲਈ ਵਰਤ ਸਕਦਾ ਹੈ।

ਅੰਗਰੇਜ਼ੀ ਭਾਸ਼ਾ ਨੇ ਦੁਨੀਆਭਰ ਦੇ ਵਪਾਰਕ ਕਾਰਜਾਂ ਨੂੰ ਚਲਾਉਣ ਦਾ ਅਮਲ ਆਪਣੇ ਹੱਥ ਵਿਚ ਲੈ ਲਿਆ ਹੈ। ਇਸਦੀ ਸਹੂਲਤ ਲਈ ਸਧਾਰਣ ਸੰਚਾਰ ਮਾਧਿਅਮਾਂ ਤੋਂ ਲੈਕੇ ਅਤਿ-ਵਿਕਸਤ ਮੀਡੀਆ ਉਪਕਰਣਾਂ ਦੀ ਨਿਰਭਰਤਾ ਵੀ ਬਹੁਤਾ ਕਰਕੇ ਇਸੇ ਭਾਸ਼ਾ ਉੱਪਰ ਹੀ ਹੈ। ਪਰ ਇਸ ਵਾਰ ਸਿਰਫ ਪੰਜਾਬੀ ਹੀ ਨਹੀਂ ਸਗੋਂ ਕਈ ਹੋਰਨਾਂ ਛੋਟੀਆਂ-ਵੱਡੀਆਂ ਭਾਸ਼ਾਵਾਂ ਨੂੰ ਵੀ ਇਸ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੂੰਜੀਵਾਦ ਦੇ ਪਸਾਰ ਲਈ ਖਪਤਕਾਰ ਤੱਕ ਪਹੁੰਚਣਾ ਲਾਜ਼ਮੀ ਹੁੰਦਾ ਹੈ ਅਤੇ ਇਸ ਮਨੋਰਥ ਲਈ ਜੋ ਵਿਉਂਤਬੰਦੀ ਅਮਲ ਵਿਚ ਚਲ ਰਹੀ ਹੈ ਉਸਦਾ ਕੁਝ ਲਾਭ ਸਥਾਨਕ ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਜ਼ਰੂਰ ਮਿਲਿਆ ਹੈ। ਸੰਚਾਰ ਮਾਧਿਅਮਾਂ ਦੀ ਹੋਂਦ ਖਪਤਕਾਰੀ ਹਿੱਤਾਂ ਉੱਪਰ ਹੀ ਟਿਕੀ ਹੋਈ ਹੈ ਅਰਥਾਤ ਵੱਖੋ-ਵੱਖਰੇ ਸਮਾਜਕ ਜਾਂ ਸਭਿਆਚਾਰਕ ਦਿੱਖ ਵਾਲੇ ਪ੍ਰੋਗਰਾਮ ਲੋਕਾਂ ਤੱਕ ਪੁਚਾਉਣਾ ਕਿਸੇ ਦਾ ਵੀ ਪ੍ਰਮੁੱਖ ਉਦੇਸ਼ ਨਹੀਂ ਹੁੰਦਾ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਆਪਣੀਆਂ ਵਪਾਰਕ ਜ਼ਰੂਰਤਾਂ ਦੀ ਪੂਰਤੀ ਹੀ ਪ੍ਰਮੁੱਖ ਹੈ। ਇਥੋਂ ਤੱਕ ਕਿ ਟੀ.ਵੀ. ਚੈਨਲਾਂ ਉੱਪਰ ਆਮ ਲੋਕਾਂ ਦੇ ਹਿੱਤਾਂ ਦੀ ਅਵਾਜ਼ ਉਠਾਉਣ ਵਾਲੇ ਪ੍ਰੋਗਰਾਮ ਵੀ ਆਪਣੇ ਵਪਾਰਕ ਹਿੱਤਾਂ ਤੱਕ ਸੀਮਤ ਰਹਿ ਕੇ ਹੀ ਇਹੋ ਜਿਹਾ ਢੱਕਵੰਜ ਕਰਦੇ ਹਨ ਕਿਉਂਕਿ ਹਰ ਇਕ ਚੈਨਲ ਕਿਸੇ ਨਾ ਕਿਸੇ ਵੱਡੇ ਵਪਾਰਕ ਘਰਾਣੇ ਜਾਂ ਕਿਸੇ ਪਾਰਟੀ ਨਾਲ ਸੰਬੰਧਤ ਨਜ਼ਰ ਆਉਂਦਾ ਹੈ। ਮੀਡੀਆ ਦਾ ਸਮਾਜ ਪੱਖੀ ਰੋਲ ਬਹੁਤ ਘੱਟ ਚੁੱਕਾ ਹੈ ਤੇ ਹੁਣ ਤਾਂ ਇਹ ਮਨੋਰੰਜਨ ਵੀ ਸੰਜੀਦਗੀ ਨਾਲ ਨਹੀਂ ਕਰ ਪਾਉਂਦਾ। ਖਬਰਾਂ ਦੇ ਬੇਸ਼ੁਮਾਰ ਚੈਨਲਾਂ ਵਿਚ ਜੋ ਮੁਕਾਬਲੇਬਾਜ਼ੀ ਚਲਦੀ ਹੈ ਉਸ ਵਿਚ ਕਿਸੇ ਖ਼ਬਰ ਨਾਲੋਂ ਲੋਕਾਂ ਦੀ ਦਿਲਚਸਪੀ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ ਤੇ ਅਗੋਂ ਲੋਕਾਂ ਦੀ ਪਸੰਦ-ਨਾਪਸੰਦ ਨੂੰ ਵੀ ਮੀਡੀਆ ਹੀ ਨਿਰਧਾਰਤ ਕਰਦਾ ਹੈ। ਸਿੱਟੇ ਵਜੋਂ, ਇਹ ਸਮਾਜ, ਸਭਿਆਚਾਰ ਤੇ ਸਿਆਸਤ ਦੇ ਭ੍ਰਿਸਟਾਚਾਰ ਨੂੰ ਕਥਿਤ ਤੌਰ'ਤੇ ਨੰਗਾ ਤਾਂ ਕਰਦੇ ਹਨ ਪਰ ਦਿਸ਼ਾ-ਹੀਣ (ਜਾਂ ਸਮਾਜ ਦੀ ਬੇਹਤਰੀ ਦੀ ਸੋਚ ਤੋਂ ਊਣੀ) ਰਿਪੋਰਟਿੰਗ ਆਮ ਲੋਕਾਂ ਵਿਚ ਸਿਰਫ ਬੇਚੈਨੀ, ਬੇਵਸਾਹੀ ਤੇ ਗੁੱਸੇ ਨੂੰ ਹੀ ਵਧਾ ਰਹੀ ਹੈ। ਪੰਜਾਬੀ ਚੈਨਲਾਂ ਰਾਹੀਂ ਪੰਜਾਬੀ ਭਾਸ਼ਾ ਜਾਂ ਸਭਿਆਚਾਰ ਦੀ ਵਰਤੋਂ ਉਥੋਂ ਤੱਕ ਹੀ ਕੀਤੀ ਜਾਂਦੀ ਹੈ ਜਿਥੋਂ ਤੱਕ ਕਿ ਆਮ ਲੋਕ ਉਸ ਵਿਚ ਦਿਲਚਸਪੀ ਰੱਖ ਸਕਣ। ਪੰਜਾਬੀ ਭਾਸ਼ਾ ਹੁਣ ਸਿੱਧਾ ਅੰਗਰੇਜ਼ੀ ਦੇ ਸ਼ਬਦਾਂ ਨੂੰ ਗ੍ਰਹਿਣ ਕਰ ਰਹੀ ਹੈ। ਪੰਜਾਬੀ ਦੇ ਠੇਠ ਸ਼ਬਦਾਂ ਦੀ ਮਾਤਰਾ ਘੱਟਦੀ ਜਾ ਰਹੀ ਹੈ ਤੇ ਅੰਗਰੇਜ਼ੀ ਦੀ ਵੱਧਦੀ ਜਾ ਰਹੀ ਹੈ। ਮੋਬਾਈਲ ਫੋਨਾਂ ਰਾਹੀਂ ਐਸ.ਐਮ.ਐਸ. ਆਦਿ

ਲਈ ਪੰਜਾਬੀ ਨੂੰ ਰੋਮਨ ਲਿੱਪੀ ਵਿਚ ਵਰਤਿਆ ਜਾਂਦਾ ਹੈ। ਕੰਪੀਊਟਰ ਰਾਹੀਂ ਇੰਟਰਨੈੱਟ ਆਦਿ ਦੀ ਵਰਤੋਂ ਵਿਚ ਵੀ ਇਹੋ ਕੁਝ ਵੇਖਣ ਨੂੰ ਮਿਲਦਾ ਹੈ। ਸਾਈਬਰ ਵਰਲਡ ਨੇ ਭਾਸ਼ਾ ਦੀ ਵਰਤੋਂ ਦੇ ਢੰਗ ਤਰੀਕਿਆਂ ਨੂੰ ਹੀ ਬਦਲ ਦਿੱਤਾ ਹੈ। ਜਿਸ ਕਿਸਮ ਦਾ ਪ੍ਰਗਟਾਵਾ ਪਹਿਲਾਂ ਪੰਜਾਬੀ ਸਭਿਆਚਾਰ ਨੂੰ ਪੂਰੇ ਭਾਰਤ ਵਿਚ ਮਿਲ ਰਿਹਾ ਸੀ ਉਸ ਵਿਚ ਹੁਣ ਪੰਜਾਬੀ ਭਾਸ਼ਾ ਦਾ ਅਸਰ ਵੀ ਵੇਖਣ ਨੂੰ ਮਿਲ ਰਿਹਾ ਹੈ। ਰਾਸ਼ਟਰ ਪੱਧਰੀ ਮੀਡੀਆ ਜਦੋਂ ਪੂਰੇ ਭਾਰਤ ਨੂੰ ਇਕ ਇਕਾਈ ਵਾਂਗ ਸੰਬੋਧਨ ਹੁੰਦਾ ਹੈ ਤਾਂ ਉਸ ਭਾਸ਼ਾਈ ਪ੍ਰਗਟਾਵੇ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਨਕਸ਼ ਨਜ਼ਰ ਆਉਂਦੇ ਹਨ ਭਾਵ ਇਹ ਕਿ ਜਦੋਂ ਕਿਸੇ ਵਿਸ਼ੇਸ਼ ਕਿਸਮ ਦੇ ਨਵੇਂ ਵਿਚਾਰ ਜਾਂ ਸੰਦੇਸ਼ ਨੂੰ ਅਸਰਦਾਰ ਢੰਗ ਨਾਲ ਵੱਧ ਤੋਂ ਵੱਧ ਲੋਕਾਂ ਤੱਕ ਪੁਚਾਉਣਾ ਹੁੰਦਾ ਹੈ ਤਾਂ ਉਸ ਮੈਸੇਜ ਜਾਂ ਸੰਦੇਸ਼ ਨੂੰ ਪੰਜਾਬੀ ਦਿੱਖ ਵਾਲੇ ਖਪਤਕਾਰੀ ਵਸੀਲਿਆਂ ਰਾਹੀਂ ਪ੍ਰਚਾਰਿਤ ਕੀਤਾ ਜਾਂਦਾ ਹੈ। ਫਿਲਮਾਂ ਜਾਂ ਟੀ.ਵੀ. ਸੀਰੀਅਲ ਪੰਜਾਬੀ ਬੋਲਚਾਲ ਦੇ ਲਹਿਜ਼ੇ ਅਤੇ ਪਹਿਰਾਵੇ ਨੂੰ ਭਾਰਤ ਦੇ ਦੂਰ-ਦਰਾੜੇ ਇਲਾਕਿਆਂ ਤਕ ਪੁਚਾ ਚੁੱਕੇ ਹਨ। ਅਜ ਹਰ ਦੂਜਾ ਹਿੰਦੀ ਗਾਣਾ ਤਾਂ ਹੀ ਸਫਲ ਹੋ ਰਿਹਾ ਹੈ ਜਦ ਉਸਦਾ ਮੁੱਖੜਾ ਕਿਸੇ ਪੰਜਾਬੀ ਤੁੱਕ-ਤੁਕਾਂਤ ਨੂੰ ਵਰਤਦਾ ਹੈ। ਛੋਟੇ ਛੋਟੇ ਪੰਜਾਬੀ ਜੁਮਲੇ ਪੂਰੇ ਦੇਸ਼ ਵਿਚ ਸਮਝੇ ਜਾਣ ਲੱਗ ਪਏ ਹਨ। ਪੰਜਾਬੀ ਧੁਨਾਂ ਉੱਪਰ ਦੱਖਣ ਭਾਰਤ ਦੇ ਲੋਕ ਵੀ ਨੱਚਦੇ ਹਨ ਤੇ ਉੱਤਰ ਪੂਰਬ ਦੇ ਲੋਕ ਵੀ। ਫੀਊਜਨ ਸੰਗੀਤ ਦੇ ਸਮੇਂ ਵਿਚ ਪੰਜਾਬੀ ਧੁਨਾਂ ਵਧੇਰੇ ਅਸਰ ਕਰ ਰਹੀਆਂ ਹਨ। ਪਰ ਇਕ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਇਸ ਸਾਰੇ ਕਾਸੇ ਵਿਚ ਭਾਸ਼ਾ ਤੇ ਸਭਿਆਚਾਰ ਇਕ ਖਪਤਕਾਰੀ ਵਸਤੂ ਬਣ ਗਈ ਹੈ। ਜਦ ਕੋਈ ਵਰਤਾਰਾ ਖਪਤਕਾਰੀ ਵਸਤੂ ਵਾਂਗ ਵਰਤੀ ਜਾਂਦੀ ਹੈ ਤਾਂ ਉਸਦੀ ਮਿਆਦ ਵੀ ਘੱਟ ਸਮੇਂ ਦੀ ਹੁੰਦੀ ਹੈ। ਅਜਕਲ੍ਹ ਦੀਆਂ ਵਸਤਾਂ ਉੱਪਰ ਲਿਖੀ ਜਾਂਦੀ ਐਕਸਪਾਇਰੀ ਡੇਟ ਵਾਂਗ ਹੀ ਜਦ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਬਜ਼ਾਰੀਕਰਣ ਹੋ ਰਿਹਾ ਹੈ ਤਾਂ ਇਸਦੀ ਮਿਆਦ ਵੀ ਮਿੱਥੀ ਜਾਂਦੀ ਹੈ। ਬਜ਼ਾਰੀ ਆਰਥਿਕਤਾ ਦੀ ਕੋਈ ਸਮਾਜਕ ਪ੍ਰਤੀਬੱਧਤਾ ਨਹੀਂ ਹੁੰਦੀ ਇਸ ਲਈ ਜਦ ਤੱਕ ਕਿਸੇ ਵਸਤੂ ਨੂੰ ਵੇਚਣ ਲਈ ਉਹ ਕਿਸੇ ਭਾਸ਼ਾ ਜਾਂ ਸਭਿਆਚਾਰਕ ਪ੍ਰਗਟਾਵਿਆਂ ਦਾ ਸ਼ੋਸ਼ਣ ਕਰ ਸਕਦੇ ਹਨ, ਉਸ ਵਿਹਾਰ ਦੀ ਐਕਸਪਾਇਰੀ ਡੇਟ ਵੀ ਉਸ ਅਮਲ ਤੱਕ ਹੀ ਮਿੱਥੀ ਜਾਂਦੀ ਹੈ।

ਅੱਜ ਦੇ ਉੱਤਰ-ਆਧੁਨਿਕ ਦੌਰ ਵਿਚ ਸਥਾਨਕ ਭਾਸ਼ਾਵਾਂ, ਸਮਾਜ-ਸਭਿਆਚਾਰਾਂ ਦੀ ਅਹਿਮੀਅਤ ਨੂੰ ਸਮਝਿਆ ਜਾ ਰਿਹਾ ਹੈ ਭਾਵੇਂ ਕਿ ਇਸਦਾ ਆਰੰਭ ਪੂੰਜੀਵਾਦ ਦੀਆਂ ਸ਼ੋਸ਼ਣਕਾਰੀ ਨੀਤੀਆਂ ਨਾਲ ਹੀ ਹੋਇਆ ਹੈ। ਪਾਰ-ਰਾਸ਼ਟਰੀ ਕੰਪਨੀਆਂ ਨੇ ਆਪਣੀਆਂ ਵਸਤਾਂ ਵੇਚਣ ਲਈ ਪਿੰਡਾਂ ਤੱਕ ਪਹੁੰਚ ਕਰ ਲਈ ਹੈ। ਪੰਜਾਬੀ ਭਾਸ਼ਾ

ਵਿਚ ਬੇਸ਼ੁਮਾਰ ਟੀ.ਵੀ. ਚੈਨਲ ਚੱਲ ਰਹੇ ਹਨ ਤੇ ਉਨ੍ਹਾਂ ਦੀ ਆਮਦਨ ਦਾ ਜ਼ਰੀਆ ਇਨ੍ਹਾਂ ਇਸ਼ਤਿਹਾਰਾਂ ਨਾਲ ਹੀ ਪੂਰਾ ਹੋ ਰਿਹਾ ਹੈ। ਗਰੀਬ ਦੇਸ਼ਾਂ ਦੇ ਸ਼ਹਿਰਾਂ-ਪਿੰਡਾਂ ਦੇ ਆਮ ਲੋਕਾਂ ਤੱਕ ਆਪਣੀ ਪਹੁੰਚ ਕਾਇਮ ਕਰਨ ਲਈ, ਉਨ੍ਹਾਂ ਦੇ ਸਥਾਨਕ ਵਿਰਸੇ ਦੀ ਮਦਦ ਲੈਣੀ ਪੈ ਰਹੀ ਹੈ। ਇਸ ਵੇਲੇ ਪਾਰ-ਰਾਸ਼ਟਰੀ ਕੰਪਨੀਆਂ ਆਪਣਾ ਸਮਾਨ ਵੇਚਣ ਲਈ ਕਿਸੇ ਵੀ ਪਿੰਡ ਦੇ ਖੂਹ ਵਿਚੋਂ ਸੋਫਟ-ਡ੍ਰਿੰਕ ਦੀਆਂ ਬੋਤਲਾਂ ਗੇੜਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਲੋਕ-ਪਹਿਰਾਵਿਆਂ ਨੂੰ ਵੱਡੇ ਤੋਂ ਵੱਡੇ ਫੈਸ਼ਨ ਪ੍ਰੋਗਰਾਮਾਂ ਵਿਚ ਪੇਸ਼ ਕਰਕੇ, ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣ ਦੀ ਮਜਬੂਰੀ ਨੇ, ਗੁੰਮ ਹੋ ਰਹੇ ਹੋਰ ਵੀ ਕਈ ਕਿਸਮ ਦੇ ਲੋਕ- ਵਰਤੋਂ ਵਿਹਾਰਾਂ ਨੂੰ ਸਾਂਭ ਲਿਆ ਹੈ। ਅੱਜਕਲ ਟੀ.ਵੀ. ਦੇ ਹਰ ਚੈਨਲ ਉੱਪਰ ਆਉਣ ਵਾਲੇ ਤਕਰੀਬਨ ਹਰ ਸੀਰੀਅਲ ਵਿਚ ਸਥਾਨਕ ਸਭਿਆਚਾਰਕ ਮੁੱਲਾਂ ਦੀ ਹੀ ਨੁਮਾਇਸ਼ ਹੋ ਰਹੀ ਹੈ। ਪੂਰੇ ਦੇਸ਼ ਨੂੰ ਕਿਸੇ ਇਕ ਜ਼ੁਬਾਨ ਜਾਂ ਚਰਿੱਤਰ ਵਿਚ ਬੰਨ੍ਹਣ ਦੇ ਜਤਨਾਂ ਨੂੰ ਠੱਲ ਪਈ ਹੈ। ਕੰਮਪੀਊਟਰ ਹੁਣ ਹਰ ਭਾਸ਼ਾ ਨੂੰ ਵਰਤਣ ਦੀ ਸਮਰੱਥਾ ਰੱਖਦਾ ਹੈ ਅਤੇ ਦੂਰ ਦਰਾੜੇ ਦੇਸ਼ਾਂ ਵਿਚ ਬੈਠੇ ਪੰਜਾਬੀ ਭਾਈਚਾਰੇ ਨੂੰ ਹੁਣ ਪਹਿਲੇ ਵਰਗੇ ਉਦਰੇਵੇਂ ਦਾ ਸ਼ਿਕਾਰ ਨਹੀਂ ਹੋਣਾ ਪੈਂਦਾ। ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਹੋਏ ਜਾਂ ਫਿਰ ਮੋਬਾਇਲ, ਇੰਟਰਨੈੱਟ ਉੱਪਰ ਹਰ ਦਿਨ ਮਿਲਣ ਵਾਲੀਆਂ ਸਾਰੀਆਂ ਖਬਰਾਂ, ਇਨ੍ਹਾਂ ਸੰਚਾਰ ਸਾਧਨਾਂ ਨੇ ਲੋਕਾਂ ਨੂੰ ਲੋਕਧਾਰਾਈ ਵਿਰਸੇ ਨਾਲ ਜੋੜੇ ਰਹਿਣ ਵਿਚ ਮਦਦ ਕੀਤੀ ਹੈ। ਪਰ ਇਸ ਤੋਂ ਅਗਲੀ ਗੱਲ ਇਹ ਹੈ ਕਿ ਇਹ ਚੈਨਲ ਇਨ੍ਹਾਂ ਵਸਤਾਂ ਨੂੰ ਵੇਚਣ ਲਈ ਕਿਹੋ ਜਿਹੀ ਭਾਸ਼ਾ ਅਤੇ ਪੇਸ਼ਕਾਰੀ ਦਾ ਸਹਾਰਾ ਲੈਂਦੇ ਹਨ। ਲੋਕਾਂ ਦੀਆਂ ਹਿੰਸਕ ਤੇ ਕਾਮੁਕ ਰੁਚੀਆਂ ਨੂੰ ਨਜ਼ਰ ਵਿਚ ਰੱਖਕੇ, ਉਸੇ ਤਰ੍ਹਾਂ ਦੇ ਪ੍ਰੋਗਰਾਮ ਪਰੋਸੇ ਜਾਂਦੇ ਹਨ। ਹਰ ਉਮਰ ਦੇ ਬੱਚੇ, ਜਵਾਨ ਤੇ ਬੁਢੇ ਲਈ ਇਕੋ ਤਰ੍ਹਾਂ ਦਾ ਨੰਗੇਜ਼ ਵਿਖਾਇਆ ਜਾ ਰਿਹਾ ਹੈ ਤੇ ਇਨ੍ਹਾਂ ਗੱਲਾਂ ਦਾ ਸਾਡੇ ਸਭਿਆਚਾਰਕ ਚੌਗਿਰਦੇ ਉੱਪਰ ਅਸਰ ਪੈਂਦਾ ਦਿੱਸਦਾ ਹੈ। ਨਵੀਂ ਪੀੜ੍ਹੀ ਅਧਿਆਤਮ ਜਾਂ ਸਾਡੇ ਵਿਰਸੇ ਨਾਲ ਉਸ ਤਰ੍ਹਾਂ ਨਹੀਂ ਜੁੜੀ ਜਿਸ ਤਰ੍ਹਾਂ ਦੇ ਸਭਿਆਚਾਰਕ ਪ੍ਰਗਟਾਵੇ ਉਹ ਵਰਤ ਰਹੇ ਹਨ। ਹੱਥ ਵਿਚ ਬੰਦੂਕ, ਤੁਰਲੇ ਵਾਲੀਆਂ ਪੱਗਾਂ ਤੇ ਗੱਡਿਆਂ ਉੱਪਰ ਖੜੇ ਜਵਾਨ ਮੁੰਡੇ ਲਲਕਾਰੇ ਜ਼ਰੂਰ ਮਾਰਦੇ ਹਨ ਪਰ ਹੁਣ ਉਹਨਾਂ ਦੇ ਸਾਹਮਣੇ ਚੁਣੌਤੀ ਕੋਈ ਦੁਸ਼ਮਣ ਦੀ ਨਹੀਂ ਸਗੋਂ ਕੁੜੀਆਂ ਦੀ ਵਿਖਾਈ ਜਾਂਦੀ ਹੈ। ਲੋਕਗੀਤਾਂ ਦੀ ਤਰਜ਼ ਜਾਂ ਬੋਲਾਂ ਉੱਪਰ ਹਰਰੋਜ਼ ਨਵੇਂ ਨਵੇਂ ਗਾਣੇ ਪ੍ਰਸਾਰਿਤ ਹੁੰਦੇ ਹਨ ਪਰ ਵੀਡੀਓ ਵਿਚ ਵਿਖਾਏ ਜਾਂਦੇ ਦ੍ਰਿਸ਼ਾਂ ਦਾ ਉਨ੍ਹਾਂ ਬੋਲਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ। ਨਵੀਂ ਪੀੜ੍ਹੀ ਪੰਜਾਬੀ ਬੋਲ-ਧੁਨਾਂ ਨੂੰ ਤਾਂ ਮਾਣ ਨਾਲ ਸੁਣ ਰਹੀ ਹੈ ਪਰ ਉਸ ਨੂੰ ਅਸਲ ਅਰਥਾਂ

ਵਿਚ ਗ੍ਰਹਿਣ ਨਹੀਂ ਕਰ ਪਾ ਰਹੀ। ਇਹ ਭਾਸ਼ਾ ਅਤੇ ਸਭਿਆਚਾਰਕ ਪੱਧਰ ਤੇ ਬਹੁਤ ਅਜੀਬ ਸਥਿਤੀ ਬਣ ਗਈ ਹੈ।

ਮੀਡੀਆ ਸਭਿਆਚਾਰੀਕਰਣ ਦਾ ਇਕ ਮਹੱਤਵਪੂਰਣ ਵਸੀਲਾ ਬਣ ਗਿਆ ਹੈ। MTV ਨਵੇਂ ਮੀਡੀਆ ਦਾ ਇਕ ਅਹਿਮ ਉਦਾਹਰਣ ਹੈ ਜਿਸਨੇ ਪੋਪ ਕਲਚਰ ਨੂੰ ਵਧਾਇਆ ਹੈ। ਇਨ੍ਹਾਂ ਚੈਨਲਾਂ ਉੱਪਰ ਆਉਂਦੇ ਇਸ਼ਤਿਹਾਰ ਵੀ ਨੌਜਵਾਨ ਪੀੜ੍ਹੀ ਨੂੰ ਹੀ ਧਿਆਨ ਵਿਚ ਰੱਖਕੇ ਵਿਖਾਏ ਜਾਂਦੇ ਹਨ। ਇਨ੍ਹਾਂ ਨੂੰ ਵੇਖਕੇ ਹੀ ਅਜੋਕੀ ਪੀੜ੍ਹੀ ਆਪਣੇ ਆਪ ਨੂੰ ਅਮਰੀਕੀ ਰੰਗ-ਢੰਗ ਵਿਚ ਰੰਗਣ ਦਾ ਜਤਨ ਕਰਦੇ ਰਹਿੰਦੇ ਹਨ ਤੇ ਇਸ਼ਤਿਹਾਰ ਦੇ ਵਾਲੀਆਂ ਕੰਪਨੀਆਂ ਲਈ ਇਹ ਇਕ ਸੋਗ਼ਾਤ ਬਣ ਗਈ ਹੈ। ਇਸ ਤਰ੍ਹਾਂ ਦੇ ਚੈਨਲਾਂ ਦਾ ਭਾਰਤੀ ਸਮਾਜ ਜਾਂ ਸਭਿਆਚਾਰ ਨੂੰ ਅਪਨਾਉਣ ਯੋਗ ਵਖਾਉਣ ਦਾ ਕੋਈ ਮੰਤਵ ਨਹੀਂ, ਸਗੋਂ ਇਹ ਇਕ ਵੱਖਰੀ ਜਮਾਤ ਪੈਦਾ ਕਰ ਰਹੇ ਹਨ ਜੋ ਅਗੋਂ ਸਮਾਜ ਵਿਚ ਉਨ੍ਹਾਂ ਨੌਜਵਾਨਾਂ ਲਈ ਆਦਰਸ਼ ਸਥਾਪਿਤ ਕਰਨ ਦਾ ਕਾਰਜ ਨਿਭਾਉਂਦੇ ਹਨ ਜੋ ਇਨ੍ਹਾਂ ਚੈਨਲਾਂ ਤੋਂ ਸਿੱਧਾ ਪ੍ਰਭਾਵਿਤ ਨਹੀਂ ਹੋ ਹੁੰਦੇ। ਅੱਜ ਦੇ ਸਮਾਜ ਵਿਚ ਬੱਚੇ ਸਭ ਤੋਂ ਵੱਧ ਤੇਜ਼ੀ ਨਾਲ ਪ੍ਰਭਾਵਿਤ ਹੋਣ ਵਾਲੇ ਨਵੇਂ ਖਪਤਕਾਰ ਬਣ ਚੁੱਕੇ ਹਨ ਜੋ ਮੀਡੀਆ ਦੇ ਪ੍ਰਚਾਰੇ ਜਾਂਦੇ ਨਵੇਂ ਬਿੰਬਾਂ ਤੇ ਪ੍ਰਤੀਕਾਂ ਨੂੰ ਪਕੜਦੇ ਹਨ ਤੇ ਉਸ ਨੂੰ ਅਪਨਾਉਣ ਲਈ ਤਿਆਰ ਰਹਿੰਦੇ ਹਨ। ਬੱਚਿਆਂ ਅਤੇ ਨੌਜਵਾਨਾਂ ਵਿਚ ਸਭ ਤੋਂ ਵੱਧ ਲੋਕਪ੍ਰਿਯ ਐਮ.ਟੀ.ਵੀ ਵਰਗੇ ਚੈਨਲ ਨਿਰੋਲ ਅਮਰੀਕੀ ਖਪਤਕਾਰੀ ਸਭਿਆਚਾਰ ਦਾ ਪ੍ਰਚਾਰ ਕਰਦੇ ਹਨ। ਉਹ ਆਉਣ ਵਾਲੀ ਪੀੜ੍ਹੀ ਲਈ ਕੋਈ ਚੰਗਾ ਮਨੁੱਖ ਬਣਨ ਦੇ ਮਾਡਲ ਨਹੀਂ ਦੇ ਰਹੇ ਸਗੋਂ ਨਿੱਤ ਨਵੇਂ ਫੈਸ਼ਨ ਅਨੁਸਾਰ ਜੀਵਨ ਨੂੰ ਜੀਉਣ ਲਈ ਪ੍ਰੇਰਿਤ ਕਰਦੇ ਹਨ। ਜਿਸ ਨੂੰ ਵੇਖਕੇ ਨੌਜਵਾਨ ਪੀੜ੍ਹੀ ਆਪਣੀ ਦੇਹ ਅਤੇ ਮਾਨਸਿਕਤਾ, ਦੋਹਾਂ ਨਾਲ ਜਦੋ-ਜਹਿਦ ਕਰਦੀ ਜਾਪਦੀ ਹੈ। ਇਸ ਸਭ ਕਾਸੇ ਵਿਚ ਉਹ ਆਪਣੇ ਸਮਾਜ-ਸਭਿਆਚਾਰ ਤੋਂ ਟੁੱਟਕੇ ਇਕ ਕਾਲਪਨਿਕ ਬਿੰਬਾਂ ਰਾਹੀਂ ਸਿਰਜਿਤ ਸੰਸਾਰ ਵਿਚ ਵਿਚਰਦੇ ਰਹਿੰਦੇ ਹਨ। ਇਸਦਾ ਅਸਰ ਉਹਨਾਂ ਦੇ ਆਪਸੀ ਰਿਸ਼ਤਿਆਂ ਦੀ ਗੰਭੀਰਤਾ ਉੱਪਰ ਵੀ ਪੈ ਰਿਹਾ ਹੈ। ਕੁਝ ਪਲਾਂ ਦੀ ਸੁੱਖ ਦੀ ਪ੍ਰਾਪਤੀ ਨੂੰ ਹੀ ਆਪਣਾ ਜੀਵਨ ਅਧਾਰ ਬਣਾ ਲਿਆ ਹੈ। ਟੀ.ਵੀ. ਉੱਪਰ ਜਿਸ ਪ੍ਰਕਾਰ ਕਿਸੇ ਇਕ ਦ੍ਰਿਸ਼ ਨੂੰ ਵਿਖਾਉਣ ਦੀ ਰਫਤਾਰ ਤੇਜ਼ ਹੋ ਚੁੱਕੀ ਹੈ ਉਸੇ ਤਰ੍ਹਾਂ ਮਨ ਵਿਚ ਵਿਚਾਰਾਂ ਦੇ ਚਲਣ ਦੀ ਰਫਤਾਰ ਵੀ ਵੱਧ ਚੁੱਕੀ ਹੈ ਤੇ ਨਤੀਜਾ ਇਹ ਹੋ ਰਿਹਾ ਹੈ ਕਿ ਬੁੱਧੀ ਨੂੰ ਸੋਚਣ ਲਈ ਕੁਝ ਬਚਦਾ ਹੀ ਨਹੀਂ ਕਿਉਂਕਿ ਖਪਤਕਾਰੀ ਮੀਡੀਏ ਲਈ ਚੇਤੰਨ ਜਾਂ ਬੁੱਧ-ਬਿਬੇਕ ਵਾਲੇ ਦਰਸ਼ਕਾਂ ਦੀ ਨਹੀਂ ਸਗੋਂ ਨਿਰੋਲ ਖਪਤਕਾਰਾਂ ਦੀ ਲੋੜ ਹੈ। ਇਸੇ ਲਈ ਮੀਡੀਆ ਹਰ ਚੈਨਲ ਉੱਤੇ ਸਿਰਫ ਖਪਤਕਾਰ ਹੀ ਤਿਆਰ ਕਰਦਾ ਨਜ਼ਰ

ਆਉਂਦਾ ਹੈ। ਪਰਿਵਾਰਕ ਪ੍ਰੋਗਰਾਮਾਂ, ਰਿਏਲਿਟੀ ਪ੍ਰੋਗਰਾਮਾਂ, ਸੰਗੀਤ, ਨਾਚ ਦੇ ਪ੍ਰੋਗਰਾਮਾਂ ਤੇ ਖਬਰਾਂ ਅਤੇ ਇਥੋਂ ਤੱਕ ਕਿ ਧਾਰਮਿਕ ਸੁਭਾ ਵਾਲੇ ਪ੍ਰੋਗਰਾਮਾਂ ਤੇ ਚੈਨਲਾਂ ਉੱਪਰ ਵਿਖਾਏ ਜਾਂਦੇ ਇਸ਼ਤਿਹਾਰਾਂ ਦੀ ਵੱਧ ਰਹੀ ਗਿਣਤੀ ਤੇ ਸਮਾਂ, ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਮੀਡੀਆ ਦਾ ਰੋਲ ਅੱਜਕਲ੍ਹ ਕੀ ਬਣ ਚੁੱਕਾ ਹੈ।ਖਬਰਾਂ ਦੇਣਾ ਅਤੇ ਫਿਰ ਉਸ ਉੱਪਰ ਆਪਣੀਆਂ ਟਿੱਪਣੀਆਂ ਤੇ ਵਿਚਾਰ ਜੋੜਕੇ ਦੱਸਣ ਨਾਲ ਲੋਕਾਂ ਦੇ ਮਨਾਂ ਅੰਦਰ ਖੁਦ ਪਰਖ ਕਰਨ ਦੀ ਆਦਤ ਘੱਟਦੀ ਜਾ ਰਹੀ ਹੈ। ਇੰਜ ਉਹ ਇਕ ਪਾਸੇ ਦਾ ਪੱਖ ਦੱਸਣ ਵਾਲੀਆਂ ਖਬਰਾਂ ਤੋਂ ਪ੍ਰਭਾਵਿਤ ਹੋਕੇ ਕਈ ਵੱਡੇ ਹਿੰਸਕ ਕਦਮ ਵੀ ਚੁੱਕ ਲੈਂਦੇ ਹਨ ਜਿਸ ਨਾਲ ਮੀਡੀਆ ਦਾ ਗ਼ੈਰ-ਜ਼ਿੰਮੇਦਾਰਾਨਾਂ ਰੋਲ ਸਾਹਮਣੇ ਆਉਂਦਾ ਹੈ। ਇਹਨਾਂ ਕੋਲ ਸਮਾਜ ਭਲਾਈ ਲਈ ਖਰਚਾ ਕਰਨ ਦੀ ਕੋਈ ਗੁੰਜਾਇਸ਼ ਨਹੀਂ ਕਿਉਂਕਿ ਉਸਦੀ ਵੱਟਤ ਵਿਚ ਮਾਇਕ ਲਾਭ ਨਹੀਂ ਅਤੇ ਦੂਜੇ ਕਿਸਮ ਦੇ ਲਾਭ ਲਈ ਕੋਈ ਥਾਂ ਨਹੀਂ ਹੈ। ਹੁਣ ਸਿਰਫ ਸਧਾਰਣ ਮਨੋਰੰਜਨ ਕਰਨਾ ਹੀ ਮੀਡੀਆ ਦਾ ਉਦੇਸ਼ ਨਹੀਂ ਰਿਹਾ।

ਸਾਡਾ ਵਿਰਸਾ ਮੀਡੀਆ ਦੇ ਹੱਥਾਂ ਵਿਚ ਇਕ ਵਸਤੂ ਵਾਂਗ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਤੇ ਇਸ ਨਾਲ ਸਾਡਾ ਪਰੰਪਰਕ ਅਮੀਰ ਵਿਰਸਾ ਬਹੁਤ ਹੀ ਸਤੱਹੀ ਪੱਧਰ ‘ਤੇ ਜੀਉਂ ਰਿਹਾ ਹੈ। ਜੇਕਰ ਅਸੀਂ ਪੂਰਬ ਦੇ ਗਿਆਨ ਚਿੰਤਨ ਦੀ ਗੱਲ ਕਰਦੇ ਹਾਂ ਤਾਂ ਮੱਧਕਾਲ ਜਾਂ ਪੂਰਵ-ਆਧੁਨਿਕ ਕਾਲ ਵਿਚ ਵਿਕਸਿਤ ਹੋਇਆ ਸਾਡਾ ਦਾਰਸ਼ਨਿਕ ਅਤੇ ਧਾਰਮਿਕ ਆਸਥਾਵਾਂ ਵਾਲਾ ਚਿੰਤਨ-ਪ੍ਰਬੰਧ ਅਜੋਕੇ ਦੌਰ ਵਿਚ ਪੁਨਰ-ਸਥਾਪਤੀ ਵੱਲ ਵੱਧ ਰਿਹਾ ਹੈ। ਇਹ ਵਿਚਾਰ ਵੇਖਣ-ਸੋਚਣ ਵਿਚ ਭਾਵੇਂ ਓਪਰਾ ਜਿਹਾ ਲੱਗੇ ਪਰ ਹਕੀਕਤ ਤਾਂ ਇਹੋ ਹੈ ਕਿ ਆਲਮੀਕਰਣ ਨੇ ਜਿਸ ਰਫਤਾਰ ਨਾਲ ਮੀਡੀਏ ਨੂੰ ਘਰੋਂ ਘਰੀ ਪੁਚਾ ਦਿੱਤਾ ਹੈ, ਉਸ ਨਾਲ ਸਾਡੀਆਂ ਮੱਧਕਾਲੀਨ ਆਸਥਾਵਾਂ ਨੂੰ ਪ੍ਰਚਾਰਿਤ ਕਰਨ ਦਾ ਸੁਖਾਲਾ ਸਾਧਨ ਮਿਲ ਗਿਆ ਹੈ। ਜੋ ਵਿਸ਼ਵਾਸ ਪਰੰਪਰਾ ਸਾਨੂੰ ਲੋਕਧਾਰਾ ਰਾਹੀਂ ਅਨੁਭਵ ਹੁੰਦੀ ਰਹੀ ਸੀ ਹੁਣ ਉਹ ਮੀਡੀਏ ਦੇ ਨਵੇਂ ਸਾਧਨਾ ਰਾਹੀਂ ਹਰ ਵੇਲੇ ਪ੍ਰਾਪਤ ਹੋ ਰਹੀ ਹੈ। ਰੇਡੀਓ, ਟੀ.ਵੀ ਤੋਂ ਇਲਾਵਾ ਅਤਿ-ਵਿਕਸਿਤ ਕਿਸਮ ਦੇ ਇਲੈਕਟ੍ਰੋਨਿਕ ਗੈਜੇਟਸ ਜਿਵੇਂ ਵੀਡੀਓ ਸਟ੍ਰੀਮਿੰਗ ਵਾਲੇ ਮੋਬਾਈਲ ਫੋਨ, ਆਈ-ਫੋਨ, ਲੈਪਟਾਪ ਆਦਿ ਹਰ ਸਾਧਨ ਵਿਚ ਅਸੀਂ ਆਪਣੇ ਪਰੰਪਰਕ ਲੋਕਧਾਰਾਈ ਬਿੰਬਾਂ ਨੂੰ ਵੇਖ ਸਕਦੇ ਹਾਂ। ਟੀ.ਵੀ. ਚੈਨਲਾਂ ਉੱਪਰ ਵਿਖਾਇਆ ਜਾਣ ਵਾਲਾ ਪੰਜਾਬੀ ਸਭਿਆਚਾਰ ਦਾ ਰੂਪ ਭਾਵੇਂ ਸਾਡੀ ਪਰੰਪਰਕ ਸੋਚ ਨੂੰ ਪਰੇਸ਼ਾਨ ਕਰਦਾ ਹੋਵੇ ਪਰ ਇਸ ਵਰਤਾਰੇ ਵਿਚ ਪੰਜਾਬੀ ਸਭਿਆਚਾਰ ਦਾ ਮੂਲ ਕਿਰਦਾਰ ਵਿਗੜ ਨਹੀਂ ਸਕਦਾ ਕਿਉਂਕਿ ਇਹ ਤਾਂ ਨਿੱਤ ਤਬਦੀਲ ਹੁੰਦਾ ਰਿਹਾ ਹੈ ਅਤੇ ਹਰ ਵਾਰ ਆਪਣੀ ਪਛਾਣ ਹੋਰਨਾਂ ਸਭਿਆਚਾਰਾਂ ਉੱਪਰ ਪ੍ਰਵਾਨ ਕਰਵਾਈ ਹੈ।

ਭਾਰਤ ਵਿਚ ਸਭਿਆਚਾਰ ਅਤੇ ਇਸਦੇ ਬਚਾਅ ਦੇ ਮਸਲਿਆਂ ਨੂੰ ਬਹੁਤ ਸ਼ੋਰ-ਸ਼ਰਾਬੇ ਨਾਲ ਉਠਾਇਆ ਜਾਂਦਾ ਰਿਹਾ ਹੈ, ਸਰਕਾਰ ਨੇ ਤਾਂ ਸਭਿਆਚਾਰਕ ਨੀਤੀ ਵੀ ਤਿਆਰ ਕੀਤੀ ਹੈ ਜਿਸਦਾ ਉਦੇਸ਼ ਭਾਰਤ ਦੇ ਸਭਿਆਚਾਰਕ ਵਿਰਸੇ ਦੀ ਸੰਭਾਲ ਕਰਨਾ ਸੀ ਪਰ ਇਸ ਵਿਚ ਸਫਲਤਾ ਨਹੀਂ ਮਿਲ ਸਕੀ। ਪਰ ਮੀਡੀਆ ਨੇ ਵੀ ਇਸ ਨੀਤੀ ਨੂੰ ਬੇਅਸਰ ਕਰਨ ਵਿਚ ਭੂਮਿਕਾ ਨਿਭਾਈ ਹੈ। ਭਾਰਤ ਵਿਚ ਮੀਡੀਆ ਦਾ ਪ੍ਰਭਾਵ ਬਹੁਤ ਅਹਿਮ ਰੂਪ ਹਾਸਲ ਕਰ ਚੁੱਕਾ ਹੈ, ਇਸਦਾ ਅੰਦਾਜ਼ਾ ਇਸ਼ਤਿਹਾਰਬਾਜ਼ੀ ਦੇ ਖੇਤਰ ਵਿਚ ਆਈ ਤੇਜ਼ੀ ਤੋਂ ਲਗਾਇਆ ਜਾ ਸਕਦਾ ਹੈ। ਹੁਣ ਤਾਂ ਆਲਮ ਇਹ ਹੈ ਕਿ ਅੰਤਰ-ਰਾਸ਼ਟਰੀ ਵਪਾਰਕ ਕੰਪਨੀਆਂ ਨਾਂ ਸਿਰਫ ਇਸ਼ਤਿਹਾਰ ਦੇਣ ਜਾਂ ਪ੍ਰੋਗਰਾਮਾਂ ਦੇ ਲਈ ਇਨਾਮ ਵੰਡਣ ਤੱਕ ਪਹੁੰਚ ਚੁੱਕੇ ਹਨ ਸਗੋਂ ਕਈ ਕੰਪਨੀਆਂ ਤਾਂ ਚੈਨਲਾਂ ਨੂੰ ਕੰਟ੍ਰੋਲ ਵੀ ਕਰ ਰਹੀਆਂ ਹਨ। ਲੋਕਾਂ ਨੂੰ ਆਪਣੇ ਹੀ ਸਮਾਨ ਦੀ ਖਰੀਦ ਲਈ ਰਿਝਾਉਣ ਵਾਸਤੇ ਫਿਲਮਾਂ, ਖੇਡਾਂ ਜਾਂ ਖ਼ਬਰਾਂ ਤੱਕ, ਹਰ ਖੇਤਰ ਵਿਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਹੈ। ਕੋਈ ਵੀ ਖਿਡਾਰੀ ਥੋੜ੍ਹਾ ਚੰਗਾ ਖੇਡ ਜਾਵੇ ਤਾਂ ਉਸ ਨੂੰ ਬਾਕੀ ਸ਼ੋਹਰਤ ਦਵਾਉਣ ਦਾ ਕੰਮ ਮੀਡੀਆ ਕਰ ਦਿੰਦਾ ਹੈ ਤੇ ਉਸ ਨੂੰ ਇਕ ਵਸਤੂ ਵਾਂਗ ਇਸ਼ਤਿਹਾਰ ਵਿਚ ਲਿਆਕੇ ਵਪਾਰਕ ਉਤਪਾਦ ਦੀ ਵਿਕਰੀ ਵਧਾਉਣ ਲਈ ਵਰਤਿਆ ਜਾਂਦਾ ਹੈ। ਹੁਣ ਤਾਂ ਇਹਨਾਂ ਇਸ਼ਤਿਹਾਰਾਂ ਲਈ ਇਤਨਾ ਪੈਸਾ ਮਿਲਦਾ ਹੈ ਕਿ ਅਦਾਕਾਰਾਂ ਤੇ ਖਿਡਾਰੀਆਂ ਤੋਂ ਇਲਾਵਾ ਸਿਆਸੀ ਨੇਤਾ ਵੀ ਮੀਡੀਆ ਦੇ ਇਸ਼ਤਿਹਾਰ ਦਾ ਹਿੱਸਾ ਬਣਨ ਲਈ ਪ੍ਰੇਰਿਤ ਹੋਕੇ ਬਹੁਤ ਕੁਝ ਕਰ ਗੁਜ਼ਰਦੇ ਹਨ। ਇਹਨਾਂ ਗੱਲਾਂ ਦਾ ਅਸਰ ਮਨੁੱਖ ਦੀ ਕਾਰਜੀ ਸ਼ਖਸੀਅਤ ਉੱਪਰ ਪੈਂਦਾ ਹੈ ਤੇ ਇਹ ਹੀ ਅਗੋਂ ਜਾਕੇ ਸਾਡੇ ਸਮਾਜ-ਸਭਿਆਚਾਰ ਦੇ ਆਚਰਣ ਨੂੰ ਤਬਦੀਲ ਵੀ ਕਰਦਾ ਹੈ।

ਸੰਚਾਰ ਦੇ ਮਾਧਿਅਮ ਤਾਂ ਬੇਸ਼ੁਮਾਰ ਹੋ ਗਏ ਹਨ ਜਿਹਨਾਂ ਨੇ ਦੂਰੀਆਂ ਮਿਟਾ ਦਿੱਤੀਆਂ ਨੇ, ਹਰ ਵੇਲੇ ਇਕ ਦੂਜੇ ਦੀ ਖਬਰ ਰਖਣ ਦੇ ਵਸੀਲੇ ਬਣ ਗਏ ਨੇ, ਹਰ ਕੋਈ ਹਰ ਕਿਸੇ ਨਾਲ ਹਰ ਵੇਲੇ ਜੁੜਿਆ ਰਹਿ ਸਕਦਾ ਹੈ। ਇਸ ਹੱਦ ਤੱਕ ਕਿ ਲੋਕਾਂ ਨੇ ਆਪਣਾ ਨਿੱਜੀ ਜੀਵਨ ਵੀ ਆਮ ਕਰ ਲਿਆ ਹੈ ਤੇ ਜਿਥੇ ਇੰਝ ਨਹੀਂ ਵੀ ਚਾਹੁੰਦੇ ਉਥੇ ਵੀ ਉਹ ਇਕਾਂਤ ਗੁਆ ਚੁੱਕੇ ਹਨ। ਪਹਿਲਾਂ ਲੋਕ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਖਬਰਸਾਰ ਲੈਣ ਲਈ ਸਾਧਨ ਢੂੰਡਦੇ ਸਨ ਤੇ ਹੁਣ ਇਹ ਆਲਮ ਹੈ ਕਿ ਪੂਰੀ ਦੁਨੀਆ ਦੀ ਖਬਰ ਹਰ ਵੇਲੇ ਕੋਲ ਮੌਜੂਦ ਰਹਿੰਦੀ ਹੈ। ਪਰ ਸੁਆਲ ਇਹ ਹੈ ਕਿ ਸਾਰੀ ਦੁਨੀਆ ਦੀ ਖਬਰਸਾਰ ਰਖਣਾ ਕਿੰਨਾਂ ਕੁ ਲਾਹੇਵੰਦ ਹੈ? ਦੁਨੀਆ ਦੀ ਖਬਰ ਰਖਦਿਆਂ ਲੋਕਾਂ ਨੇ ਆਪਣਿਆਂ ਦੀ ਖਬਰਸਾਰ ਲੈਣੀ ਘੱਟ ਕਰ ਦਿੱਤੀ ਹੈ। ਦੁਨੀਆ ਨਾਲ ਹਰ ਵੇਲੇ ਜੁੜੇ ਰਹਿਣ ਦਾ ਅਹਿਸਾਸ ਇਕ

ਅਜੀਬ ਕਿਸਮ ਦੀ ਮਾਨਸਿਕ ਸਥਿਤੀ ਨੂੰ ਪੈਦਾ ਕਰਦਾ ਹੈ। ਇੰਨੇ ਵਿਸਤਾਰ ਬਾਰੇ ਸੋਚਣ ਦੌਰਾਨ ਬੰਦਾ ਆਪਣੇ ਆਪ ਤੋਂ ਦੂਰ ਹੋ ਰਿਹਾ ਹੈ। ਆਪਣੀ ਬਾਬਤ ਉਹ ਸਿਰਫ ਉਨ੍ਹਾਂ ਹੀ ਸੋਚ ਸਕਦਾ ਹੈ ਜਿੰਨਾਂ ਉਸਨੂੰ ਤੇਜ਼ ਰਫਤਾਰ ਸੂਚਨਾਵਾਂ ਦੇ ਵਹਾਅ ਵਿਚੋਂ ਕੁਝ ਆਪਣੇ ਨਾਲ ਸੰਬੰਧਤ ਲਗਦਾ ਹੈ। ਅਸਲ ਵਿਚ ਉਸ ਨਾਲ ਸੰਬੰਧਤ ਕੁਝ ਨਹੀਂ ਹੁੰਦਾ ਪਰ ਉਸਨੂੰ ਅਹਿਸਾਸ ਸਭ ਨਾਲ ਸੰਬੰਧਤ ਹੋਣ ਦਾ ਹੁੰਦਾ ਹੈ। ਮੀਡੀਆ ਦੇ ਮਾੜੇ ਪ੍ਰਭਾਵ ਬਾਰੇ ਚਿੰਤਾਵਾਂ ਬਹੁਤ ਸਮੇਂ ਤੋਂ ਚਲਦੀਆਂ ਆ ਰਹੀਆਂ ਹਨ। ਇਹ ਬੇਚੈਨੀ ਇਸ ਗੱਲ ਦੀ ਵਧੇਰੇ ਹੁੰਦੀ ਹੈ ਕਿ ਸਮਾਜ ਕਿਸ ਦਿਸ਼ਾ ਵੱਲ ਜਾਵੇਗਾ। ਇਨ੍ਹਾਂ ਚਿੰਤਾਵਾਂ ਕਾਰਣ ਮੀਡੀਆ ਦੇ ਸਮਾਜ-ਸਭਿਆਚਾਰ ਉੱਪਰ ਪ੍ਰਭਾਵ ਦੀ ਪਰਖ ਲਈ ਸੰਤੁਲਿਤ ਨਜ਼ਰੀਆ ਅਪਨਾਉਣ ਵਿਚ ਮੁਸ਼ਕਿਲ ਆਉਂਦੀ ਹੈ। ਇਥੇ ਇਸ ਗੱਲ ਦਾ ਨਿਤਾਰਾ ਕਰਨਾ ਬੇਹੱਦ ਜ਼ਰੂਰੀ ਹੁੰਦਾ ਹੈ ਕਿ ਇਹ ਪ੍ਰਭਾਵ ਸਾਡੇ ਸਮਾਜ ਦੀਆਂ ਆਦਤਾਂ, ਕਦਰਾਂ-ਕੀਮਤਾਂ ਤੇ ਭਾਵਨਾਵਾਂ ਨੂੰ ਕਿੰਨੀ ਗਹਿਰਾਈ ਨਾਲ ਅਸਰ-ਅੰਦਾਜ਼ ਕਰਦੇ ਹਨ। ਅੱਜਕਲ੍ਹ ਦੇ ਪਰਿਵਾਰਕ ਜੀਵਨ ਵਿਚ ਬੱਚਿਆਂ ਨੂੰ ਟੀ. ਵੀ. ਜਾਂ ਹੋਰਨਾਂ ਮੀਡੀਆ ਸਾਧਨਾਂ ਤੋਂ ਦੂਰ ਰੱਖਣਾ ਮੁਸ਼ਕਿਲ ਤਾਂ ਹੈ ਹੀ ਨਾਲ ਹੀ ਗ਼ੈਰ ਜ਼ਰੂਰੀ ਵੀ ਹੈ ਕਿਉਂਕਿ ਬਿਨਾਂ ਇਸਦੇ ਵਿਚ ਪਏ, ਇਸਦੇ ਪ੍ਰਭਾਵ ਨੂੰ ਕਬੂਲਣ ਜਾਂ ਰੱਦ ਕਰਨ ਦੀ ਚੇਤਨਾਂ ਨਹੀਂ ਆ ਸਕਦੀ। ਸੰਕਟ ਦੀਆਂ ਸਥਿਤੀਆਂ ਸਾਹਮਣੇ ਆਉਣ ‘ਤੇ ਹੀ ਅਸਲ ਅਨੁਭਵ ਹਾਸਲ ਹੁੰਦਾ ਹੈ। ਇਹੋ ਅਨੁਭਵ ਸਾਡੇ ਸਮਾਜ ਤੇ ਸਭਿਆਚਾਰ ਦੇ ਨਾਲ ਨਾਲ ਮਨੁੱਖ ਦੀ ਪਛਾਣ ਨੂੰ ਵੀ ਨਵਾਂ ਰੂਪ ਦੇ ਰਿਹਾ ਹੁੰਦਾ ਹੈ।

ਸਮੁੱਚੇ ਤੌਰ ‘ਤੇ ਇਹ ਕਿਹਾ ਜਾ ਸਕਦਾ ਹੈ ਹੈ ਕਿ ਸਮਕਾਲ ਵਿਚ ਜੋ ਨਵਾਂ ਆਲਮੀ ਨਿਜ਼ਾਮ ਸ਼ਕਲ ਅਖ਼ਤਿਆਰ ਕਰ ਰਿਹਾ ਹੈ ਉਸ ਵਿਚ ਜਿਸ ਕਿਸਮ ਦੇ ਮਨੁੱਖ ਦੀ ਲੋੜ ਨਜ਼ਰ ਆਉਂਦੀ ਹੈ ਉਹ ਨਿਰੋਲ ਇਕ ਖਪਤਕਾਰ ਹੀ ਹੈ, ਕੋਈ ਸੋਚਵਾਨ ਵਿਅਕਤੀਤੱਤ ਨਹੀਂ। ਉਸਦੀ ਸਭਿਆਚਾਰਕ ਪਛਾਣ ਬਜ਼ਾਰ ਦੀਆਂ ਨਵੀਂ ਪੂੰਜੀਵਾਦੀ ਤਾਕਤਾਂ ਹੀ ਤੈਅ ਕਰ ਰਹੀਆਂ ਹਨ ਤੇ ਉਸਦੇ ਕੋਲ ਮੀਡੀਆ ਦੇ ਰੂਪ ਵਿਚ ਇਕ ਬਹੁਤ ਸ਼ਕਤੀਸ਼ਾਲੀ ਮਾਧਿਅਮ ਵੀ ਮੌਜੂਦ ਹੈ। ਇਸ ਸਾਰੇ ਅਮਲ ਦਾ ਪ੍ਰਭਾਵ ਅਸੀਂ ਆਪਣੇ ਰੋਜ਼ਮੱਰਾ ਦੇ ਜੀਵਨ ਵਿਚ ਪਰਤੱਖ ਦੇਖ ਸਕਦੇ ਹਾਂ ਤੇ ਅਨੁਭਵ ਵੀ ਕਰ ਸਕਦੇ ਹਾਂ। ਪੰਜਾਬੀ ਸਭਿਆਚਾਰਕ ਪਛਾਣ ਵਾਲੇ ਮਨੁੱਖ ਲਈ ਇਸ ਸਥਿਤੀ ਵਿਚ ਰਹਿਣਾ ਇਸ ਲਈ ਵੀ ਬਹੁਤਾ ਔਖਾ ਨਹੀਂ ਕਿਉਂਕਿ ਤਬਦੀਲੀਆਂ ਨੂੰ ਨਿਰੰਤਰ ਗ੍ਰਹਿਣ ਕਰਨ ਵਾਲੀ ਪੰਜਾਬੀ ਮਾਨਸਿਕਤਾ ਅਜਿਹੇ ਮੌਕੇ ‘ਤੇ ਦੂਜੇ ਸਭਿਆਚਾਰਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰਖਦੀ ਹੈ। ਮਸਲਾ ਇਹ ਹੈ ਕਿ ਪੰਜਾਬੀ ਬੰਦੇ ਨੂੰ ਨਿਰੋਲ ਖਪਤਕਾਰੀ ਸਬਜੈਕਟ ਬਣਨ ਅਤੇ ਉਸਦੀ ਮਾਨਵੀ ਹੋਂਦ ਨੂੰ ਮਸ਼ੀਨ ਬਣਨ ਤੋਂ ਰੋਕਿਆ

ਕਿਵੇਂ ਜਾਵੇ? ਜ਼ਾਹਰ ਹੈ ਕਿ ਪੰਜਾਬੀ ਸਭਿਆਚਾਰ ਦੇ ਮੁਦਈਆਂ ਲਈ ਇਹ ਇਕ ਗੰਭੀਰ ਚੁਣੌਤੀ ਹੈ। ਪਰ ਇਸ ਚੁਣੌਤੀ ਨਾਲ ਨਜਿਠਣ ਲਈ ਵੀ ਸੰਚਾਰ-ਮਾਧਿਅਮਾਂ ਦੀ ਸਹਾਇਤਾ ਲੈਣੀ ਪਵੇਗੀ। ਸਰਬ-ਸਾਂਝ ਦੀ ਮਜ਼ਬੂਤ ਵਿਰਾਸਤ ਨਾਲ ਬਣੀ ਪੰਜਾਬੀ ਮਨੁੱਖ ਦੀ ਸਭਿਆਚਾਰਕ ਪਛਾਣ ਇਸ ਪੱਖੋਂ ਇਸ ਨਵੇਂ ਆਲਮੀ ਵਰਤਾਰੇ ਵਿਚ ਸੰਘਰਸ਼ ਕਰਨ ਅਤੇ ਆਪਣੀ ਸਜੀਵ ਹੋਂਦ ਨੂੰ ਬਚਾਉਣ ਦੇ ਸਮਰਥ ਹੈ।